ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 18/02 ਫਰਵਰੀ 2018 – ਨਾਨਕਸ਼ਾਹੀ ਮਾਘ-ਫਗੱਣ 549

## ਇਤਿਹਾਸਿਕ ਦਿਹਾੜੇ

### ਫਰਵਰੀ ਅਤੇ ਮਾਰਚ 2018

| | |
|---|---|
| ਵੱਡਾ ਘੱਲੂਘਾਰਾ (ਕੁੱਪ ਰਹੀੜਾ) | 9 ਫਰਵਰੀ |
| ਸਾਕਾ ਨਨਕਾਣਾ ਸਾਹਿਬ | 21 ਫਰਵਰੀ |
| ਜੈਤੋ ਦਾ ਮੋਰਚਾ | 21 ਫਰਵਰੀ |
| ਹੋਲਾ ਮਹੱਲਾ | 2 ਮਾਰਚ |
| ਗੁਰਗੱਦੀ ਗੁਰੂ ਹਰਿਰਾਇ ਸਾਹਿਬ ਜੀ | 15 ਮਾਰਚ |
| ਗੁਰਗੱਦੀ ਗੁਰੂ ਅਮਰਦਾਸ ਜੀ | 18 ਮਾਰਚ |
| ਜੋਤੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ | 21 ਮਾਰਚ |
| ਜੋਤੀ ਜੋਤਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 22 ਮਾਰਚ |
| ਗੁਰਗੱਦੀ ਗੁਰੂ ਤੇਗ ਬਹਾਦੁਰ ਸਾਹਿਬ ਜੀ | 29 ਮਾਰਚ |
| ਜੋਤੀ ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 29 ਮਾਰਚ |

www.gurmatparsar.com

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

ੴ ਵਾਹਿਗੁਰੂ ਜੀ ਕੀ ਫ਼ਤਹਿ ॥

## ਸਾਲਾਨਾ ਜਨਰਲ ਇਕੱਤ੍ਰਤਾ(ਐਤਵਾਰ ਮਿਤੀ 25-02-2018)

ਗੁਰਮਖਿ ਪਿਆਰੇ ਵੀਰ ਜੀਓ/ ਭੈਣ ਜੀਓ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ॥

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦੀ ਸਾਲਾਨਾ ਜਨਰਲ ਇਕੱਤ੍ਰਤਾ, ਐਤਵਾਰ ਮਿਤੀ 25-02-2018 ਨੂੰ ਸਵੇਰੇ 10.30 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਹੋਣੀ ਨੀਯਤ ਹੋਈ ਹੈ। ਸਮੂਹ ਮੈਂਬਰਾਂ ਨੂੰ ਸਮੇਂ ਸਿਰ ਪੁੱਜਣ ਲਈ ਬੇਨਤੀ ਹੈ।ਇਕਤ੍ਰਤਾ ਦਾ ਏਜੰਡਾ ਹੇਠ ਲਿਖੇ ਅਨੁਸਾਰ ਹੋਵੇਗਾ :-

(1) ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀਆਂ ਗਤੀਵਿਧੀਆਂ ਦੀ ਸਾਲਾਨਾ ਰਿਪੋਰਟ ਦਾ ਵੇਰਵਾ ਅਤੇ ਉਸਦੀ ਪ੍ਰਵਾਨਗੀ।

(2) ਸੋਸਾਇਟੀ ਦੇ ਸਾਲ 2017-2018 (ਜਨਵਰੀ 2018) ਤੱਕ ਦੇ ਆਮਦਨ ਖਰਚ ਦੇ ਹਿਸਾਬ ਕਿਤਾਬ ਦਾ ਵੇਰਵਾ ਅਤੇ ਉਸਦੀ ਪ੍ਰਵਾਨਗੀ।

(3) ਸਾਲ 2016-2017 ਦੀ ਆਡਿਟਿਡ ਰਿਪੋਰਟ ਸੂਚਨਾ ਲਈ ਪੇਸ਼ਕਾਰੀ।

(4) ਸਾਲ 2018-2019 ਵਿੱਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ ਦੀ ਪ੍ਰਵਾਨਗੀ।

(5) ਸਾਲ 2018-2019 ਵਿੱਚ ਹੋਣ ਵਾਲੇ ਖਰਚਿਆਂ ਦੇ ਬਜਟ ਦੀ ਪ੍ਰਵਾਨਗੀ।

(6) ਮੈਂਬਰ ਸਾਹਿਬਾਨ ਦੁਆਰਾ ਸੋਸਾਇਟੀ ਨੂੰ ਚੜ੍ਹਦੀ ਕਲਾ ਵਿੱਚ ਲੈ ਜਾਣ ਲਈ ਸੁਝਾਓ।

**ਸੋਸਾਇਟੀ ਦੇ ਮੁੱਖ ਸੇਵਾਦਾਰ ਦੀ ਚੋਣ**

(a) ਚੋਣ ਲਈ Returning Officer ਦੀ ਨਿਯੁਕਤੀ

(b) ਮੁੱਖ ਸੇਵਾਦਾਰ ਦੀ ਚੋਣ

ਇਹ ਸਾਲਾਨਾ ਜਨਰਲ ਇਕੱਤ੍ਰਤਾ ਹਰ ਸਾਲ ਦੀ ਤਰ੍ਹਾਂ ਪ੍ਰਵਾਰਾਂ ਦੀ ਪ੍ਰੀਤ ਮਿਲਣੀ ਦੇ ਰੂਪ ਵਿੱਚ ਹੋਵੇਗੀ। ਪ੍ਰਵਾਰਾਂ ਸਮੇਤ ਸਮੇਂ ਸਿਰ ਹਾਜ਼ਰੀਆਂ ਭਰਨ ਦੀ ਖੇਚਲ ਕਰਨੀ ਜੀ।

ਆਪ ਜੀ ਦਾ ਵੀਰ,

ਪ੍ਰਿੰਸੀਪਲ ਨਰਿੰਦਰ ਬੀਰ ਸਿੰਘ, ਜਨਰਲ ਸਕੱਤਰ

### ਲੰਗਰ ਦੀ ਸੇਵਾ :-

ਇਕਤ੍ਰਤਾ ਲਈ ਲੰਗਰ ਹਰ ਸਾਲ ਦੀ ਤਰ੍ਹਾਂ ਹੀ ਘਰਾਂ ਤੋਂ ਬਣ ਕੇ ਆਵੇਗਾ। ਜਿਸ ਲਈ ਦਸ – ਦਸ ਪ੍ਰਵਾਰ ਕੋਈ ਇੱਕ ਆਈਟਮ ਅਤੇ 15 ਸਾਦੇ ਪਰਾਂਠੇ ਬਣਾ ਕੇ ਲਿਆਉਣ ਦੀ ਸੇਵਾ ਕਰਨ।

(1) ਸਾਬਤ ਮੂੰਗੀ 1 ਕਿਲੋ (800 ਗ੍ਰਾਮ ਮੂੰਗੀ / 200 ਗ੍ਰਾਮ ਚਨੇ ਦੀ ਦਾਲ)

(2) ਪਨੀਰ ਇਕ ਕਿਲੋ (ਰੱਸ ਭਿਨਾ) (3) ਮਿਕਸਡ ਵੈਜੀਟੇਬਲ 2 ਕਿਲੋ

(4) ਖੀਰ 3 ਕਿਲੋ ਦੁੱਧ ਦੀ (5) 20 ਪ੍ਰਵਾਰ ਸਿਰਫ ਪਰਾਂਠੇ ਲਿਆਉਣ ਦੀ ਸੇਵਾ ਕਰਨ।

ਆਪ ਜੀ ਜਿਸ ਆਈਟਮ ਦੀ ਵੀ ਸੇਵਾ ਕਰਨਾ ਚਾਹੋ, ਕ੍ਰਿਪਾ ਕਰਕੇ 23-02-2018 ਸ਼ਾਮ ਤੱਕ ਭਾਈ ਹਰਵੀਰ ਸਿੰਘ (ਫੋਨ:9417190438) ਜਾਂ ਜਨਰਲ ਸਕਤੁ (ਫੋਨ: 98761-77803) ਤੇ ਜ਼ਰੂਰ ਇਤਲਾਹ ਦੇ ਦਿਓ ਜੀ।

## ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ (ਜੀਵਨ ਜੁਗਤਿ)

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

ਮਾਝ ਬਾਰਹਮਾਹਾ (ਮਃ ੫) ਅੰਗ ੧੩੬

**ਪਦ ਅਰਥ:-** ਫਲਗੁਣਿ-ਫੱਗਣ(ਮਹੀਨੇ)ਵਿੱਚ।ਉਪਾਰਜਨਾ-ਉਪਜ,ਪ੍ਰਕਾਸ਼।ਰਾਮ ਕੇ ਸਹਾਈ ਪਰਮਾਤਮਾ ਨਾਲ ਮਿਲਣ ਵਿੱਚ ਸਹਾਇਤਾ ਕਰਨ ਵਾਲੇ ।ਸੇਜ-ਹਿਰਦਾ।ਜਾਇ-ਥਾਂ। ਵਰੁ-ਖਸਮ ਪ੍ਰਭੂ। ਗਾਵਹੀ-ਗਾਵਹਿ,ਗਾਂਦੀਆਂ ਹਨ।ਮੰਗਲੁ-ਖੁਸ਼ੀ ਦਾ ਗੀਤ ,ਆਤਮਕ ਆਨੰਦ ਪੈਦਾ ਕਰਨ ਵਾਲਾ ਗੀਤ, ਸਿਫ਼ਤ-ਸਲਾਹ ਦੀ ਬਾਣੀ ।ਅਲਾਇ-ਉਚਾਰ ਕੇ,ਅਲਾਪ ਕੇ । ਦਿਸਦੀ-ਦਿੱਸਦਾ । ਲਵੈ-ਨੇੜੈ।ਲਵੈ ਲਾਉਣੇ-ਨੇੜੇ-ਤੇੜੇ,ਇਰਦ ਗਿਰਦ,ਲਵੈ ਨ ਲਾਇ -ਲਵੈ ਲਾਉਣੇ ਨਹੀਂ ਨੇੜੇ ਤੇੜੇ ਦਾ ਨਹੀ ,ਬਰਾਬਰੀ ਕਰਨ ਜੋਗਾ ਨਹੀ । ਹਲਤ-ਇਹ ਲੋਕ ।ਪਲਤ-ਪਰ ਲੋਕ, ਸਵਾਰਿਓਨ-ਉਸ (ਹਰੀ) ਨੇ ਰੱਖ ਲਏ । ਧਾਇ-ਧਾਈ, ਭਟਕਣਾ। ਪਾਇ-ਪੈ ਕੇ। ਤਿਲੁ-ਰਤਾ ਭੀ। ਤਮਾਇ-ਤਮ੍ਹਾ,ਲਾਲਚ।

**ਅਰਥ**:- (ਸਿਆਲੀ ਰੁੱਤ ਦੀ ਕਰੜੀ ਸਰਦੀ ਪਿੱਛੋਂ ਬਹਾਰ ਪਿਰਨ ਤੇ ਫੱਗਣ ਦੇ ਮਹੀਨੇ ਵਿੱਚ ਲੋਕ ਹੋਲੀਆਂ ਦੇ ਰੰਗ ਤਮਾਸ਼ਿਆਂ ਦੀ ਰਾਹੀਂ ਖੁਸ਼ੀਆਂ ਮਨਾਂਦੇ ਹਨ,ਪਰ)ਫੱਗਣ ਵਿੱਚ (ਉਹਨਾਂ ਜੀਵ ਇਸਤਰੀਆਂ ਦੇ ਅੰਦਰ) ਆਤਮਕ ਅਨੰਦ ਪੈਦਾ ਹੁੰਦਾ ਹੈ ,ਜਿਨ੍ਹਾਂ ਦੇ ਹਿਰਦੇ ਵਿੱਚ ਸੱਜਣ-ਹਰੀ ਪਰਤੱਖ ਆ ਵੱਸਦਾ ਹੈ ਪਰਮਾਤਮਾ ਨਾਲ ਮਿਲਣ ਵਿੱਚ ਸਹਾਇਤਾ ਕਰਨ ਵਾਲੇ ਸੰਤ ਜਨ ਮਿਹਰ ਕਰ ਕੇ ਉਹਨਾਂ ਨੂੰ ਪ੍ਰਭੂ ਨਾਲ ਜੋੜ ਦਿੰਦੇ ਹਨ ਉਹਨਾ ਦੀ ਹਿਰਦਾ ਸੇਜ ਸੁੰਦਰ ਬਣ ਜਾਂਦੀ ਹੈ,ਉਹਨਾਂ ਨੂੰ ਸਾਰੇ ਹੀ ਸੁੱਖ ਪ੍ਰਾਪਤ ਹੋ ਜਾਂਦੇ ਹਨ ਫਿਰ ਦੁੱਖਾ ਲਈ (ਉਹਨਾਂ ਦੇ ਹਿਰਦੇ ਵਿੱਚ) ਕਿਤੇ ਰਤਾ ਥਾਂ ਨਹੀ ਰਹਿ ਜਾਂਦੀ ਉਹਨਾਂ ਵਡਭਾਗਣ ਜੀਵ-ਇਸਤਰੀਆਂ ਦੀ ਮਨੋ ਕਾਮਣਾ ਪੂਰੀ ਹੋ ਜਾਂਦੀ ਹੈ,ਉਹਨਾਂ ਨੂੰ

ਹਰੀ ਪ੍ਰਭੂ ਖਸਮ ਮਿਲ ਪੈਦਾ ਹੈ ,ਉਹ ਸੰਤ ਸੰਗੀ ਸਹੇਲੀਆਂ ਨਾਲ ਰਲ ਕੇ ਗੋਵਿੰਦ ਦੀ ਸਿਫਤਿ ਸਲਾਹ ਦੇ ਗੀਤ ਅਲਾਪ ਕੇ ਆਤਮਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਂਦੀਆਂ ਹਨ। ਪਰਮਾਤਮਾ ਵਰਗਾ ਕੋਈ ਹੋਰ ,ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਉਹਨਾਂ ਨੂੰ ਕਿਤੇ ਦਿੱਸਦਾ ਹੀ ਨਹੀਂ।

ਉਸ ਪ੍ਰਮਾਤਮਾ ਨੇ (ਉਹਨਾਂ ਸਤ-ਸੰਗੀਆਂ ਦਾ) ਲੋਕ ਪਰਲੋਕ ਸਵਾਰ ਦਿੱਤਾ ਹੈ,ਉਹਨਾ ਨੂੰ (ਆਪਣੇ ਚਰਨਾ ਵਿੱਚ ਲਿਵ-ਲੀਨਤਾ ਵਾਲੀ ) ਐਸੀ ਥਾਂ ਬਖਸ਼ੀ ਹੈ,ਜੋ ਕਦੇ ਢੋਲਦੀ ਨਹੀਂ ਪ੍ਰਭੂ ਨੇ ਸੰਸਾਰ ਸਮੁੰਦਰ ਤੋਂ ਉਹਨਾਂ ਨੂੰ (ਹੱਥ ਦੇ ਕੇ) ਰੱਖ ਲਿਆਂ ਹੈ ,ਜਨਮਾ ਦੇ ਗੇੜ ਵਿੱਚ ਮੁੜ ਉਹਨਾਂ ਦੀ ਦੌੜ ਭੱਜ ਨਹੀ ਹੁੰਦੀ।

ਹੇ ਨਾਨਕ (ਆਖ) ਸਾਡੀ ਇੱਕ ਜੀਭ ਹੈ ,ਪ੍ਰਭੂ ਦੇ ਅਨੇਕਾਂ ਹੀ ਗੁਣ ਹਨ (ਅਸੀ ਉਹਨਾਂ ਨੂੰ ਬਿਆਨ ਕਰਨ ਜੋਗੇ ਨਹੀਂ ਹਾਂ,ਪਰ)ਜਿਹੜੇ ਜੀਵ ਉਸ ਦੀ ਚਰਨੀਂ ਪੈਦੇਂ ਹਨ (ਉਸ ਦਾ ਆਸਰਾ ਤੱਕਦੇ ਹਨ)ਉਹ ਸੰਸਾਰ-ਸਮੁੰਦਰ ਤੋਂ) ਤਰ ਜਾਂਦੇ ਹਨ।

ਫੱਗਣ ਦੇ ਮਹੀਨੇ ਵਿੱਚ (ਹੋਲੀਆਂ ਆਦਿਕ ਵਿੱਚੋਂ ਅਨੰਦ ਲੱਭਣ ਦੇ ਥਾਂ)ਸਦਾ ਉਸ ਪਰਮਾਤਮਾ ਦੀ ਸਿਫ਼ਤਿ-ਸਲਾਹ ਕਰਨੀ ਚਾਹੀਦੀ ਹੈ,ਜਿਸ ਨੂੰ (ਆਪਣੀ ਵਡਿਆਈ ਕਰਾਣ ) ਦਾ ਰਤਾ ਭਰ ਵੀ ਲਾਲਚ ਨਹੀਂ ਹੈ (ਇਸ ਵਿੱਚ ਸਾਡਾ ਹੀ ਭਲਾ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਪਵਿੱਤਰ ਧਾਰਮਿਕ ਗ੍ਰੰਥ

ਓਅੰਕਾਰ ਸਿੰਘ

ਪੁਰਾਤਨ ਸਮੇਂ ਵਿੱਚ ਧਰਮ ਨੇ ਮਨੁੱਖ ਨੂੰ ਇਕ ਚੰਗਾ ਜੀਵਨ ਜੀਣ ਦੀ ਜਾਚ ਸਿਖਾਈ ਹੈ। ਹਰ ਧਰਮ ਨੇ ਮਨੁੱਖ ਤੇ ਕੁਝ ਪਾਬੰਦੀਆਂ ਵੀ ਲਾਈਆਂ ਹਨ ਤੇ ਆਸਰਾ ਵੀ ਦਿੱਤਾ ਹੈ। ਧਰਮ ਦੇ ਮਾਰਗ ਅਤੇ ਟੀਚਿਆਂ ਨੂੰ ਨਿਸ਼ਚਿਤ ਕਰਨ ਲਈ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਗਈ। ਇਨ੍ਹਾਂ ਸਾਰੇ ਹੀ ਧਰਮ ਗ੍ਰੰਥਾਂ ਨੇ ਆਪਣੇ-ਆਪਣੇ ਸਮੇਂ ਵਿੱਚ ਮਨੁੱਖ ਦਾ ਮਾਰਗ ਦਰਸ਼ਨ ਕੀਤਾ ਹੈ। ਇਸ ਲਈ ਸਾਰੇ ਧਰਮ ਗ੍ਰੰਥ ਮਨੁੱਖ ਦੇ ਸਤਿਕਾਰ ਦੇ ਪਾਤਰ ਹਨ। ਜਿਹੜੇ ਧਰਮ ਦੇ ਪੈਰੋਕਾਰ ਜਾਂ ਪ੍ਰਚਾਰਕ ਦੂਜੇ ਧਰਮ ਗ੍ਰੰਥਾਂ ਦੀ ਕੋਈ ਕੀਮਤ ਨਹੀਂ ਸਮਝਦੇ ਉਨ੍ਹਾਂ ਦਾ ਧਾਰਮਿਕ ਗਿਆਨ ਕਦੇ ਵੀ ਪੂਰਾ ਨਹੀਂ ਹੋ ਸਕਦਾ। ਜਿਨ੍ਹਾਂ ਮਹਾਪੁਰਖਾਂ ਨੂੰ ਬ੍ਰਹਮ ਗਿਆਨ ਵਿੱਚ ਪੂਰਨਤਾ ਹਾਸਿਲ ਹੁੰਦੀ ਹੈ ਉਹ ਸਭ ਧਰਮ ਗ੍ਰੰਥਾਂ ਨੂੰ ਬਰਾਬਰ ਹੀ ਸਮਝਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਫ਼ੁਰਮਾਇਆ ਹੈ :

**ਅਲਹ ਅਭੇਖ ਸੋਈ ਪੁਰਾਨ ਅਉ ਕੁਰਾਨ ਓਈ**
**ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥੧੬॥੮੬॥**

ਧਰਮ ਗ੍ਰੰਥਾਂ ਵਿਚੋਂ ਵੇਦ ਸਭ ਤੋਂ ਪੁਰਾਤਨ ਮੰਨੇ ਗਏ ਹਨ ਇਨ੍ਹਾਂ ਦੀ ਗਿਣਤੀ 4 ਹੈ। ਰਿਗਵੇਦ, ਯਜੁਰ ਵੇਦ, ਸਾਮ ਵੇਦ ਤੇ ਅਥਰਵ ਵੇਦ। ਰਿਗ ਵੇਦ 10 ਮੰਡਲਾਂ ਵਿੱਚ

ਵੰਡਿਆ ਹੈ ਇਸ ਦੇ ਕੁੱਲ 1028 ਮੰਤਰ ਅਤੇ 10552 ਬੰਦ ਹਨ। ਯਜੁਰ ਵੇਦ ਦੇ 40 ਅਧਿਆਏ ਹਨ ਅਤੇ ਇਸ ਦੇ ਕੁੱਲ 1975 ਬੰਦ ਤੇ ਪੈਰੇ ਹਨ। ਸਾਮ ਵੇਦ ਦੋ ਭਾਗਾਂ ਵਿਚ ਹੈ ਇਸ ਦੇ 1875 ਬੰਦ ਹਨ। ਅਥਰਵ ਵੇਦ 20 ਮੰਡਲਾਂ ਵਿੱਚ ਵੰਡਿਆ ਹੈ ਇਸਦੇ 730 ਮੰਤਰ ਅਤੇ 5987 ਬੰਦ ਹਨ। ਇਨ੍ਹਾਂ ਵਿਚੋਂ ਰਿਗਵੇਦ ਸਭ ਤੋਂ ਪੁਰਾਣਾ ਹੈ। ਵੇਦਾਂ ਦਾ ਸਮਾਂ 1500 ਬੀ.ਸੀ ਤੋਂ 600 ਬੀ. ਸੀ ਤੱਕ ਮੰਨਿਆ ਜਾਂਦਾ ਹੈ।

ਰਿਗਵੇਦ ਵਿੱਚ ਇੰਦ੍ਰ, ਅਗਨੀ, ਮਰੁਤ, ਅਸ਼ਵਿਨ, ਵਰੁਣ ਆਦਿ ਦੇਵਤਿਆਂ ਦੀ ਸਿਫਤ ਕੀਤੀ ਗਈ ਹੈ। ਯਜੁਰਵੇਦ ਵਿੱਚ ਯੱਗ ਦੀਆਂ ਰੀਤੀਆਂ ਅਤੇ ਬਲੀ ਦੇਣ ਦੇ ਢੰਗਾਂ ਦਾ ਵਰਣਨ ਹੈ। ਸਾਮ ਵੇਦ ਵਿੱਚ ਰਿਗਵੇਦ ਦੇ ਹੀ ਸਲੋਕਾਂ ਦਾ ਵੱਖ-ਵੱਖ ਧੁਨੀਆਂ ਉੱਤੇ ਉਚਾਰਣ ਦੱਸਿਆ ਗਿਆ ਹੈ। ਇਸ ਵਿੱਚ (75ਵੇਂ ਸਲੋਕ) ਨੂੰ ਛੱਡ ਕੇ ਬਾਕੀ ਸਾਰੇ ਸਲੋਕ ਰਿਗਵੇਦ ਵਾਲੇ ਹੀ ਹਨ। ਅਥਰਵ ਵੇਦ ਵਿੱਚ ਸ਼ੈਤਾਨੀ ਤਾਕਤਾਂ ਨੂੰ ਖ਼ੁਸ਼ ਕਰਨ ਦੇ ਮੰਤਰ ਦਿਤੇ ਗਏ ਅਤੇ ਜਾਦੂ ਟੂਣੇ ਕਰਨ ਦੇ ਢੰਗ ਵੀ ਦਸੇ ਗਏ ਹਨ। ਵੇਦਾਂ ਨੇ ਮਨੁੱਖ ਦਾ ਮੂੰਹ ਧਰਤੀ ਤੋਂ ਆਕਾਸ਼ ਵੱਲ ਕਰ ਦਿੱਤਾ ਸੀ। ਸੰਸਾਰਕ ਇੱਛਾਵਾਂ ਦੀ ਪੂਰਤੀ, ਦੁੱਧ, ਪੁੱਤ ਆਦਿ ਪਦਾਰਥਾਂ ਲਈ ਦੇਵਤਿਆਂ ਦੀ ਅਰਾਧਨਾ ਕੀਤੀ ਜਾਂਦੀ ਸੀ। ਦੁਸ਼ਮਣਾਂ ਤੋਂ ਬਚਣ ਲਈ ਗਾਵਾਂ ਦੀ ਪੂਜਾ ਵੀ ਕੀਤੀ ਜਾਂਦੀ ਸੀ। ਦੁਸ਼ਮਣਾਂ ਦਾ ਨੁਕਸਾਨ ਕਰਨ ਲਈ ਜਾਦੂ ਟੂਣਿਆਂ ਦੀ ਵਰਤੋਂ ਵੀ ਹੁੰਦੀ ਸੀ।

ਮਹਾਤਮਾ ਬੁੱਧ ਦਾ ਜਨਮ 563ਬੀ. ਸੀ ਵਿੱਚ ਹੋਇਆ। ਉਨ੍ਹਾਂ ਨੇ ਵੇਦ ਮੱਤ ਦਾ ਪੂਰੀ ਤਰ੍ਹਾਂ ਖੰਡਨ ਕੀਤਾ। ਧਾਰਮਿਕ ਰਸਮਾਂ, ਬਲੀ ਦੇਣ ਅਤੇ ਪੂਜਾ ਅਰਚਨਾ ਦਾ ਸਖ਼ਤ ਵਿਰੋਧ ਕੀਤਾ। ਬੁੱਧ ਮੱਤ ਚਾਰ ਪ੍ਰਕਾਰ ਦੀਆਂ ਸੱਚਾਈਆਂ ਤੇ ਆਧਾਰਿਤ ਹੈ। (1) ਜੀਵਨ ਦੁੱਖਾਂ ਦਾ ਘਰ ਹੈ। (2) ਇੱਛਾ ਦੁਖ ਦਾ ਕਾਰਣ ਹੈ। (3) ਇੱਛਾ ਨੂੰ ਖ਼ਤਮ ਕਰਕੇ ਹੀ ਦੁੱਖ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਲਈ ਮਨੁੱਖ ਨੂੰ ਆਪਣੇ ਵਿਅਕਤੀਤਵ ਨੂੰ ਖ਼ਤਮ ਕਰਨਾ ਚਾਹੀਦਾ ਹੈ ਅਤੇ ਦੁਨਿਆਵੀ ਵਸਤਾਂ ਦਾ ਮੋਹ ਛੱਡਣਾ ਚਾਹੀਦਾ ਹੈ। (4) ਅਖੀਰ ਵਿੱਚ ਮਨੁੱਖ ਨੂੰ ਦੁੱਖਾਂ ਦੇ ਅਤੇ ਜਨਮ ਮਰਨ ਦੇ ਚੱਕਰ ਤੋ ਮੁਕਤ ਹੋਣਾ ਚਾਹੀਦਾ ਹੈ। ਇਸ ਨੂੰ ਮੱਧ ਮਾਰਗ ਕਿਹਾ ਗਿਆ ਹੈ। ਬੁੱਧ ਧਰਮ ਆਤਮਾ ਪਰਮਾਤਮਾ ਵਿੱਚ ਵਿਸ਼ਵਾਸ ਨਹੀਂ ਰੱਖਦਾ। ਇਹ ਮੰਨਿਆ ਜਾਂਦਾ ਹੈ ਕਿ ਸਰੀਰ ਦੇ ਨਾਲ ਹੀ ਆਤਮਾ ਦੀ ਵੀ ਮੌਤ ਹੋ ਜਾਂਦੀ ਹੈ। ਮਹਾਤਮਾ ਬੁੱਧ ਨੇ ਆਪਣੇ ਬਚਨਾਂ ਰਾਹੀਂ ਅਨੇਕ ਤਰ੍ਹਾਂ ਦੇ ਆਚਰਣਕ ਨਿਯਮ (ਸਿਲਾ) ਆਪਣੇ ਪੈਰੋਕਾਰਾਂ ਲਈ ਨਿਰਧਾਰਤ ਕੀਤੇ। 483 ਬੀ. ਸੀ ਵਿੱਚ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਇਕ ਆਮ ਸਭਾ ਕੀਤੀ ਗਈ ਜਿਸ ਵਿੱਚ ਉਨ੍ਹਾਂ ਦੇ ਬਚਨਾਂ ਦਾ ਪਾਲੀ ਭਾਸ਼ਾ ਵਿੱਚ ਸੰਗ੍ਰਹਿ ਤਿਆਰ ਕੀਤਾ ਗਿਆ। ਇਸ ਸਾਹਿਤ ਨੂੰ ਤਰਿਪਤਿਕਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਤਿਹਾਸਕ ਤੌਰ ਤੇ ਵਰਧਮਾਨ ਮਹਾਂਵੀਰ ਜੀ ਨੂੰ ਜੈਨ ਧਰਮ ਦਾ ਸੰਸਥਾਪਕ ਮੰਨਿਆ ਜਾਂਦਾ ਹੈ । ਉਨ੍ਹਾਂ ਦਾ ਜਨਮ 540 ਬੀ.ਸੀ ਵਿੱਚ ਉੱਤਰੀ ਬਿਹਾਰ ਵਿੱਚ ਵੈਸ਼ਾਲੀ ਦੇ ਕੋਲ ਇੱਕ ਪਿੰਡ ਵਿੱਚ ਹੋਇਆ । ਉਹ ਜੈਨ ਧਰਮ ਦੇ 24ਵੇਂ ਤੀਰਥੰਕਰ ਮੰਨੇ ਗਏ । ਉਨ੍ਹਾਂ ਤੋਂ ਪਹਿਲਾਂ ਹੋਏ 23 ਤੀਰਥੰਕਰਾਂ ਵਿਚੋਂ ਸਿਰਫ ਅਖੀਰਲੇ ਤੀਰਥੰਕਰ ਪਾਰਸ਼ਵ ਦਾ ਹੀ ਇਤਿਹਾਸ ਮਿਲਦਾ ਹੈ । ਬਾਕੀਆਂ ਦੇ ਸਿਰਫ ਨਾਂ ਅਤੇ ਚਿੰਨ੍ਹ ਹੀ ਮਿਲਦੇ ਹਨ । ਵਰਧਮਾਨ ਮਹਾਂਵੀਰ ਜੀ ਨੇ ਆਪਣੇ ਪੈਰੋਕਾਰਾਂ ਨੂੰ ਉਪਦੇਸ਼ ਦਿੱਤਾ ਕਿ ਉਨ੍ਹਾਂ ਦੇ ਕਰਮਾਂ ਦਾ ਆਧਾਰ ਤਿੰਨ ਰਤਨਾਂ-ਭਾਵ ਠੀਕ ਵਿਸ਼ਵਾਸ, ਠੀਕ ਗਿਆਨ ਅਤੇ ਠੀਕ ਕਾਰਜ ਤੇ ਹੋਣਾ ਚਾਹੀਦਾ ਹੈ । ਠੀਕ ਕਾਰਜ ਲਈ ਪੰਜਾਂ ਪ੍ਰਤਿਗਿਆਵਾਂ ਤੇ ਅਮਲ ਕਰਨਾ ਜ਼ਰੂਰੀ ਹੈ । ਇਹ ਹਨ ਜੀਵਾਂ ਨੂੰ ਦੁੱਖ ਨਾ ਦੇਣਾ, ਸੱਚ ਬੋਲਣਾ, ਚੋਰੀ ਨਾ ਕਰਨੀ, ਜਾਇਦਾਦ ਨਾ ਬਣਾਉਣੀ ਅਤੇ ਪਵਿੱਤਰਤਾ ਕਾਇਮ ਰੱਖਣੀ । ਜੈਨ ਮੱਤ ਦੇ ਉਪਦੇਸ਼ ਪਹਿਲਾਂ ਪਹਿਲ ਜ਼ਬਾਨੀ ਰਵਾਇਤ ਅਨੁਸਾਰ ਹੀ ਸੰਭਾਲੇ ਗਏ । 4 ਸਦੀ ਬੀ. ਸੀ ਵਿੱਚ ਇਕ ਸਭਾ ਪਾਟਲੀਪੁੱਤਰ ਵਿਖੇ ਬੁਲਾਈ ਗਈ ਇਸ ਵਿੱਚ ਇਨ੍ਹਾਂ ਉਪਦੇਸ਼ਾਂ ਦਾ ਰਿਕਾਰਡ ਤਿਆਰ ਕੀਤਾ ਗਿਆ । ਇਸ ਦੀ ਪਹਿਲੀ ਜਿਲਦੀ 5ਵੀਂ ਸਦੀ ਈਸਵੀ ਵਿੱਚ ਸੰਪਾਦਿਤ ਕੀਤੀ ਗਈ । ਪਹਿਲਾਂ ਇਹ 14 ਪੂਰਵਾਂ ਵਿੱਚ ਸੀ ਫਿਰ ਇਸ ਨੂੰ 10 ਅੰਗਾਂ ਵਿੱਚ ਤਰਤੀਬਿਆ ਗਿਆ । ਇਸ ਤੋਂ ਬਾਅਦ ਜੈਨ ਮੱਤ ਸਵੇਤਾਂਬਰ ਅਤੇ ਦਿਗੰਬਰ ਦੋ ਫ਼ਿਰਕਿਆਂ ਵਿੱਚ ਵੰਡਿਆ ਗਿਆ । ਦਿਗੰਬਰਾਂ ਅਨੁਸਾਰ ਜੈਨੀ ਨੂੰ ਪੂਰੀ ਤਪੱਸਿਆ ਕਰਨੀ ਚਾਹੀਦੀ ਹੈ । ਇਸਤਰੀ ਨੂੰ ਮੁਕਤੀ ਨਹੀਂ ਮਿਲ ਸਕਦੀ ।

ਈਸਾਈ ਮੱਤ ਦਾ ਧਾਰਮਿਕ ਗ੍ਰੰਥ ਬਾਈਬਲ ਹੈ । ਬਾਈਬਲ ਅਨੇਕ ਗ੍ਰੰਥਾਂ ਦਾ ਸਮੂਹ ਹੈ । ਇਨ੍ਹਾਂ ਗ੍ਰੰਥਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ । (1) ਓਲਡ ਟੈਸਟਾਮੈਂਟ (2) ਨਿਊ ਟੈਸਟਾਮੈਂਟ ।ਓਲਡ ਟੈਸਟਾਮੈਂਟ ਹੀਬਰੂ ਭਾਸ਼ਾ ਵਿੱਚ ਲਿਖੀਆ ਪੁਸਤਕਾਂ ਹਨ । ਇਨ੍ਹਾਂ ਦਾ ਸਮਾਂ 150ਬੀ.ਸੀ ਤੱਕ 6-7 ਸਦੀਆਂ ਦਾ ਹੈ । ਇਨ੍ਹਾਂ ਦੀ ਗਿਣਤੀ 39 ਹੈ । ਓਲਡ ਟੈਸਟਾਮੈਂਟ ਤਿੰਨ ਭਾਗਾਂ ਵਿੱਚ ਵੰਡੀ ਗਈ ਹੈ । (੧) ਕਾਨੂੰਨ (ਤੁਰਾਹ) (੨) ਪੈਗ਼ੰਬਰ (੩) ਲਿਖਤਾਂ । ਕਾਨੂੰਨ (ਤੁਰਾਹ) ਦੀ ਵਿਆਖਿਆ ਪੰਜ ਪੁਸਤਕਾਂ ਵਿੱਚ ਕੀਤੀ ਗਈ ਹੈ । ਇਹ ਹਜ਼ਰਤ ਮੂਸਾ ਦੇ ਨਾਂ ਨਾਲ ਸਬੰਧਤ ਹਨ । ਪੈਗੰਬਰੀ ਪੁਸਤਕਾਂ ਵਿੱਚ ਯਹੂਦੀਆਂ ਦੇ ਵੱਡੇ-ਵਡੇਰਿਆਂ ਅਬਰਾਹਮ, ਇਸਾਕ ਅਤ ਜੈਕਬ ਦੇ ਸਫ਼ਰਾਂ ਦਾ ਵਰਣਨ ਹੈ । ਜੋਸ਼ੁਆ, ਸੈਮੂਅਲ, ਈਸੀਆਹ, ਜਰਮੀਆਹ ਅਤੇ ਹੋਰ 12 ਪੈਗੰਬਰਾਂ ਹੋਸੀਆ, ਜੋਇਲ, ਐਮਸ ਆਦਿ ਬਾਰੇ ਜਾਣਕਾਰੀ ਮਿਲਦੀ ਹੈ । ਤੀਜੇ ਦੀਆਂ ਪੁਸਤਕਾਂ ਵਿੱਚ ਹਜ਼ਰਤ ਸੁਲੇਮਾਨ, ਜੋਸ਼ੁਆ ਅਤੇ 12 ਪੈਗੰਬਰਾਂ ਦੇ ਬਚਨ ਹਨ । ਓਲਡ ਟੈਸਟਾਮੈਂਟ ਦੇ ਲਿਖੇ ਜਾਣ ਤੇ ਪ੍ਰਵਾਨ ਚੜ੍ਹਨ ਦਾ ਸਮਾਂ ਲਗਭਗ 1 ਹਜ਼ਾਰ ਸਾਲ ਹੈ ।

ਨਵਾਂ ਟੈਸਟਾਮੈਂਟ ਈਸਾਈ ਸੰਮਤ ਦੀ ਪਹਿਲੀ ਸਦੀ ਦੇ ਦੂਜੇ ਅੱਧ ਵਿਚ ਤਿਆਰ

ਕੀਤਾ ਗਿਆ। ਨਵੇਂ ਟੈਸਟਾਮੈਂਟ ਦੀਆਂ 27 ਪੁਸਤਕਾਂ ਹਨ ਜੋ ਗਰੀਕ ਭਾਸ਼ਾ ਵਿਚ ਲਿਖੀਆਂ ਗਈਆਂ ਹਨ। ਪਹਿਲੀਆਂ 4 ਪੁਸਤਕਾਂ ਨੂੰ 'ਗਾਸਪਲ' ਕਿਹਾ ਜਾਂਦਾ ਹੈ ਇਸ ਵਿੱਚ ਈਸਾ ਹਜ਼ਰਤ ਈਸਾ ਦੇ ਉਪਦੇਸ਼ ਅਤੇ ਜੀਵਨ ਸਾਖੀਆਂ ਹਨ। ਈਸਾ ਦੇ ਜੀਵਨ, ਸਲੀਬ ਅਤੇ ਪੁਨਰ ਜੀਵਨ ਵਿੱਚ ਨਵੇਂ ਟੈਸਟਾਮੈਂਟ ਦੇ ਲੇਖਕ ਜ਼ਿੰਦਗੀ ਦਾ ਉਦੇਸ਼ ਵੇਖਦੇ ਹਨ। ਇਨ੍ਹਾਂ ਪੁਸਤਕਾਂ ਵਿੱਚ ਈਸਾ ਦੀ ਮਹਾਨਤਾ ਉਸ ਦੇ ਵਿਚਾਰਾਂ ਵਿੱਚ ਨਹੀਂ ਦਰਸਾਈ ਗਈ, ਉਸ ਦੀ ਮਹੱਤਤਾ ਉਸ ਦੀ ਸ਼ਖ਼ਸੀਅਤ ਵਿੱਚ ਹੀ ਸਮਝੀ ਗਈ ਹੈ। ਇਹ ਪੁਸਤਕਾਂ ਉਨ੍ਹਾਂ ਪੁਰਖਾਂ ਵਲੋਂ ਲਿਖੀਆਂ ਗਈਆਂ ਜਿਨ੍ਹਾਂ ਨੂੰ ਹਜ਼ਰਤ ਈਸਾ ਵਿੱਚ ਵਿਸ਼ਵਾਸ ਸੀ ਅਤੇ ਜੋ ਇਹੋ ਵਿਸ਼ਵਾਸ ਦੂਜਿਆਂ ਵਿੱਚ ਭਰਨਾ ਚਾਹੁੰਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਨ੍ਹਾਂ ਦੇ ਪੈਗੰਬਰ ਨੇ ਮੌਤ ਨੂੰ ਜਿੱਤ ਲਿਆ ਹੈ ਅਤੇ ਉਸ ਦੀ ਪਵਿੱਤਰ ਆਤਮਾ ਉਨ੍ਹਾਂ ਦੇ ਅੰਗ ਸੰਗ ਹੈ। ਉਨ੍ਹਾਂ ਦਾ ਦ੍ਰਿੜ੍ਹ ਸੰਕਲਪ ਸੀ ਕਿ ਉਨ੍ਹਾਂ ਦਾ ਵਿਸ਼ਵਾਸ ਇਕ ਯਥਾਰਥ ਵਿਅਕਤੀ ਵਿੱਚ ਹੈ। ਬਾਕੀ ਪੁਸਤਕਾਂ ਵਿੱਚ ਜੇਰੁਸ਼ਲਮ ਵਿੱਚ ਚਰਚ ਦੀ ਸਥਾਪਤੀ, ਸੇਂਟ ਪਾਲ ਦੇ ਈਸਾਈ ਬਣਨ ਦਾ ਵਰਣਨ, ਉਨ੍ਹਾਂ ਦੇ ਪੱਤਰ ਤੇ ਹੋਰ ਪਾਦਰੀਆਂ ਦੇ ਅਨੁਭਵ ਦਰਜ ਹਨ। ਈਸਾਈ ਮੱਤ ਅਨੁਸਾਰ ਈਸਾ ਮਸੀਹ ਵਿੱਚ ਵਿਸ਼ਵਾਸ ਰੱਖਣ ਵਾਲੇ ਨੂੰ ਉਨ੍ਹਾਂ ਵਾਂਗ ਹੀ ਪੁਨਰ ਜੀਵਨ ਪ੍ਰਾਪਤ ਹੋ ਜਾਵੇਗਾ।

6ਵੀਂ ਸਦੀ ਦੇ ਸ਼ੁਰੂ ਵਿਚ ਇਸਲਾਮ ਦੀ ਬੁਨਿਆਦ ਹਜ਼ਰਤ ਮੁਹੰਮਦ ਸਾਹਿਬ ਨੇ ਰੱਖੀ। ਉਨ੍ਹਾਂ ਨੂੰ ਹਿਰਾ ਦੀ ਗ਼ਾਰ ਵਿੱਚ ਕੁਰਾਨ ਸਰੀਫ਼ ਇੱਕ ਫਰਿਸ਼ਤੇ ਰਾਹੀਂ ਨਾਜ਼ਲ ਹੋਇਆ। ਇਸ ਦਾ ਸੰਪਾਦਨ ਉਨ੍ਹਾਂ ਦੀ ਮੌਤ (632ਈ.) ਤੋਂ ਬਾਅਦ ਉਨ੍ਹਾਂ ਦੇ ਪੈਰੋਕਾਰਾਂ ਨੇ ਕੀਤਾ। ਕੁਰਾਨ ਮਜੀਦ ਦਾ ਸੰਦੇਸ਼ ਹੈ ਕਿ ਜਿਹੜੇ ਮਨੁੱਖਾਂ ਨੇ ਰੱਬ ਅਤੇ ਪੈਗ਼ੰਬਰ ਤੇ ਈਮਾਨ ਲਿਆਂਦਾ ਹੈ ਉਹ ਨਬੀਆਂ, ਸਦੀਕਾਂ, ਸ਼ਹੀਦਾਂ ਅਤੇ ਨੇਕ ਸੀਰਤ ਇਨਸਾਨਾਂ ਦੇ ਸਾਥੀ ਬਣ ਜਾਣਗੇ। ਉਨ੍ਹਾਂ ਨੂੰ ਬਹਿਸ਼ਤ ਦੇ ਬਾਗ ਦਾ ਸੁੱਖ ਪ੍ਰਾਪਤ ਹੋਵੇਗਾ। ਇਸ ਪ੍ਰਾਪਤੀ ਲਈ ਮੋਮਨ ਨੂੰ ਜਹਾਦ ਜਾਂ ਨਮਾਜ਼ ਕਰਕੇ ਤੋਬਾ ਕਰਨ ਦੀ ਲੋੜ ਹੈ। ਜਹਾਦ ਇਕ ਸਿਦਕ ਹੈ ਤੇ ਹਿੰਸਾ ਖ਼ੁਦਾ ਦੀ ਤਲਵਾਰ ਮੰਨੀ ਗਈ ਹੈ। ਕਿਆਮਤ ਦੇ ਦਿਨ ਅੰਤਿਮ ਇਨਸਾਫ਼ ਕਰਨ ਵੇਲੇ ਹਜ਼ਰਤ ਮੁਹੰਮਦ ਸਾਹਿਬ ਮੋਮਨਾਂ ਦੇ ਜਾਮਨ ਹੋਣਗੇ ਤੇ ਉਹ ਹੀ ਬਹਿਸ਼ਤ ਵਿਚ ਦਾਖਲ ਹੋ ਸਕਣਗੇ ਜਿਨ੍ਹਾਂ ਦੀ ਉਹ ਜਾਮਨੀ ਭਰਨਗੇ। ਕੁਰਾਨ ਸ਼ਰੀਫ਼ ਨੇ ਮਨੁੱਖ ਨੂੰ ਧਰਮ ਲਈ ਸ਼ਹੀਦ ਹੋਣ ਤੇ ਲੜ ਮਰਨ ਦੀ ਜਾਚ ਸਿਖਾਈ। ਇਸਲਾਮ ਵਿੱਚ ਤਸਬੀ ਤੇ ਤਲਵਾਰ ਦਾ ਇਕੋ ਹੀ ਉਦੇਸ਼ ਹੋ ਗਿਆ ਹੈ। ਇਹ ਭਾਵਨਾ ਪਹਿਲੇ ਧਰਮਾਂ ਵਿੱਚ ਮੌਜੂਦ ਨਹੀਂ ਸੀ।

ਸਿੱਖ ਧਰਮ ਦੇ ਪੂਜਨੀਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ 1604ਈ. ਵਿੱਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਕੀਤਾ ਅਤੇ ਇਸ ਦੀ ਸਥਾਪਨਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤੀ ਗਈ। 1706ਈ. ਵਿਚ ਗੁਰੂ ਗੋਬਿੰਦ

ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਕੀਤੀ। ਇਸ ਮਹਾਨ ਗ੍ਰੰਥ ਵਿਚ 6 ਗੁਰੂ ਸਾਹਿਬਾਨ, 12ਸਦੀ ਤੋਂ 16ਵੀਂ ਸਦੀ ਤੱਕ ਹਿੰਦੁਸਤਾਨ ਦੇ ਵੱਖ-ਵੱਖ ਥਿੱਤਿਆਂ ਵਿਚ ਹੋਏ ਵੱਖ-ਵੱਖ ਮੱਤਾਂ ਦੇ 15 ਸੰਤਾਂ ਭਗਤਾਂ ਦੀ ਬਾਣੀ ਦਰਜ਼ ਹੈ। ਇਸ ਤੋਂ ਇਲਾਵਾ 11 ਭੱਟ ਅਤੇ 4 ਗੁਰਸਿੱਖਾਂ ਦੀ ਬਾਣੀ ਵੀ ਸ਼ਾਮਿਲ ਹੈ। ਗੁਰਬਾਣੀ ਵਿਚ ਗੁਰੂ ਦੇ ਸਰੂਪ ਨਾਲੋਂ ਸ਼ਬਦ ਦਾ ਮਹੱਤਵ ਵਧੇਰੇ ਮੰਨਿਆ ਗਿਆ ਹੈ। ਇਸ ਸਿਧਾਂਤ ਅਨੁਸਾਰ 1708ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਵਿਖੇ ਇਸ ਪਵਿੱਤਰ ਗ੍ਰੰਥ ਨੂੰ ਸਦਾ ਲਈ ਜਿਉਂਦੇ ਜਾਗਦੇ ਗੁਰੂ ਦਾ ਦਰਜਾ ਦੇ ਕੇ ਗੁਰਗੱਦੀ ਸੌਂਪ ਦਿੱਤੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਰਚਨਕਾਰ ਭਾਵੇਂ ਵੱਖ-ਵੱਖ ਸਮਿਆਂ ਅਤੇ ਵੱਖ-ਵੱਖ ਇਲਾਕਿਆ ਵਿੱਚ ਹੋਏ ਹਨ ਪਰ ਉਨ੍ਹਾਂ ਦੀ ਬਾਣੀਵਿੱਚ ਵਿਚਾਰਧਾਰਕ ਸਾਂਝ ਪਾਈ ਜਾਂਦੀ ਹੈ। ਇਸੇ ਕਰਕੇ ਹੀ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਥਾਂ ਇਕੱਤਰ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸ੍ਰਿਸ਼ਟੀ ਦੇ ਰਚਨਹਾਰ ਤੇ ਪਾਲਣਹਾਰ,ਇਕੋ ਇੱਕ ਨਿਰਾਕਾਰ ਆਦਿ ਜੁਗਾਦੀ, ਸਰਵ ਵਿਆਪੀ ਅਤੇ ਸਦੀਵੀ ਹਸਤੀ ਦੇ ਗੁਣ ਗਾਏ ਗਏ ਹਨ। ਸਾਰੀ ਮਨੁੱਖਤਾ ਨੂੰ ਧਰਮ, ਦੇਸ਼, ਕੌਮ ਅਤੇ ਜਾਤ ਪਾਤ ਦੇ ਭਿੰਨ ਭੇਦ ਤੋਂ ਬਿਨਾਂ ਬਰਾਬਰ ਅਤੇ ਇਕੋ ਸਮਝਿਆ ਗਿਆ ਹੈ। ਇਸਤਰੀ ਮਰਦ ਵਿੱਚ ਵੀ ਕੋਈ ਅੰਤਰ ਨਹੀਂ ਰੱਖਿਆ ਗਿਆ ਪਰਮਾਤਮਾ ਦੀ ਪ੍ਰਾਪਤੀ ਲਈ ਮਨੁੱਖ ਨੂੰ ਘਰ ਬਾਰ ਛੱਡਣ ਦੀ ਲੋੜ ਨਹੀਂ। ਗ੍ਰਹਿਸਥੀ ਜੀਵਨ ਜੀਂਉਦਿਆਂ ਧਰਮ ਦੀ ਕਿਰਤ ਕਰਦਿਆਂ ਨਾਮ ਜਪਣਾ ਹੈ ਤੇ ਸੰਸਾਰ ਦੇ ਪਦਾਰਥਕ ਸੁੱਖ ਮਾਣਦਿਆਂ ਮੁਕਤ ਹੋਣਾ ਹੈ।

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**

**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥** -

**ਗੂਜਰੀ ਕੀ ਵਾਰ:੨ (ਮਃ ੫) - ਅੰਗ ੫੨੨**

ਗੁਰਬਾਣੀ ਅਨੁਸਾਰ ਨਿਰਾਕਾਰ ਪਰਮਾਤਮਾ ਮਨੁੱਖ ਦੇ ਸਦਾ ਅੰਗ ਸੰਗ ਹਾਜ਼ਰ ਨਾਜ਼ਰ ਹੈ। ਉਹ ਆਪਣੇ ਸ਼ਕਤੀਸ਼ਾਲੀ ਹੱਥਾਂ ਨਾਲ ਸੰਸਾਰ ਦੀ, ਜੀਵਾਂ ਦੀ ਸੰਭਾਲ ਕਰ ਰਿਹਾ ਹੈ, ਪ੍ਰਤਿਪਾਲਣਾ ਕਰ ਰਿਹਾ ਹੈ। ਉਸ ਪਾਰਬ੍ਰਹਮ ਕਰਤਾ ਪੁਰਬ ਮਨੁੱਖ ਦੀ ਕਾਇਆ ਦੇ ਅੰਦਰ ਹੀ ਵਸਦਾ ਹੈ। ਸੰਸਾਰ ਉਸ ਦੇ ਨਾਮ ਤੋਂ ਉਸ ਦੀ ਜੋਤ ਤੋਂ ਪੈਦਾ ਹੋਇਆ ਹੈ। ਮਨੁੱਖ ਦਾ ਮੂਲ ਉਸ ਦੀ ਜੋਤ ਵਿਚ ਹੈ। ਅੰਤਰਮੁੱਖ ਹੋ ਕੇ ਮਨੁੱਖ ਉਸ ਦੇ ਨਾਮ ਦੀ, ਆਪਣੇ ਮੂਲ ਦੀ ਪਛਾਣ ਕਰ ਕੇ ਮਾਣਸ ਤੋਂ ਦੇਵਤਾ ਹੋ ਸਕਦਾ ਹੈ ਤੇ ਪਰਮਾਤਮਾ ਦੀ ਪ੍ਰਾਪਤੀ ਦਾ ਰੰਗ ਮਾਣ ਸਕਦਾ ਹੈ। ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ ਹੈ:

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**
**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ ਅੰਗ ੪੪੧**

ਗੁਰੂ ਗ੍ਰੰਥ ਸਾਹਿਬ ਵਿੱਚ ਜੀਵਨ ਨਾਲ ਸਬੰਧਿਤ ਮਸਲਿਆਂ ਦੀ ਇੱਕ ਮੁਕੰਮਲ ਤੇ ਸਰਵਪੱਖੀ ਸੇਧ ਦਿੱਤੀ ਗਈ ਹੈ । ਇਸ ਵਿੱਚ ਮਨੁੱਖ ਨੂੰ ਧਾਰਮਿਕ, ਅਧਿਆਤਮਕ, ਸਮਾਜਿਕ, ਰਾਜਨੀਤਕ, ਆਰਥਿਕ ਤੇ ਸਦਾਚਾਰਕ ਸਿਹਤ ਵਿਗਿਆਨ ਦੀ ਅਗਵਾਈ ਦਿੱਤੀ ਗਈ ਹੈ । ਗੁਰਬਾਣੀ ਸਿਰਫ਼ ਨਿਰੋਲ ਉਪਦੇਸ਼ ਹੀ ਨਹੀਂ ਦਿੰਦੀ, ਸਗੋਂ ਮਨੁੱਖ ਨੂੰ ਆਸਰਾ ਵੀ ਦਿੰਦੀ ਹੈ ਤੇ ਉਸਨੂੰ ਆਪਣੀ ਮੰਜ਼ਲ ਤੱਕ ਪਹੁੰਚਾਉਂਦੀ ਹੈ । ਗੁਰਮਤਿ ਦਾ ਮਾਰਗ ਸ਼ਬਦ ਸ਼ਕਤੀ ਨਾਲ ਸੁਰਤ ਨੂੰ ਉੱਚਾ ਕਰਨਾ ਤੇ ਗੁਰਪਰਮੇਸ਼ਰ ਨਾਲ ਇਕਮਿਕਤਾ ਪ੍ਰਾਪਤ ਕਰਨਾ ਹੈ । ਗੁਰੂ ਕੇ ਸਿੱਖ ਨੂੰ ਹੋਰ ਜਪਾਂ ਤਪਾਂ, ਤੱਪਸਿਆਵਾਂ, ਕਠਿਨ ਸਾਧਨਾਂ, ਕਰੜੇ ਵਰਤਾਂ ਜਾਂ ਪੂਜਾ ਅਰਚਨਾ ਦੀ ਲੋੜ ਨਹੀਂ ਹੈ । ਉਸਨੇ ਗੁਰਬਾਣੀ ਦੇ ਭਾਵ ਨੂੰ ਹੀ ਹਿਰਦੇ ਵਿੱਚ ਟਿਕਾਉਣਾ ਹੈ । ਇਹੋ ਸਾਧਨਾ ਹੈ, ਇਹੋ ਤਪੱਸਿਆ ਹੈ । ਇਹੋ ਅਮਲ ਹੈ । ਆਪਣੀ ਮੱਤ ਦੀ ਥਾਂ ਗੁਰ ਦੀ ਮੱਤ ਗ੍ਰਹਿਣ ਕਰਨੀ ਹੈ । ਗੁਰਬਾਣੀ ਦਾ ਫ਼ੁਰਮਾਨ ਹੈ:

**ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥**
**ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ॥**
**– ਬਿਲਾਵਲੁ (ਮਃ ੩) – ਅੰਗ ੭੯੭**

ਗੁਰੂ ਗ੍ਰੰਥ ਸਾਹਿਬ ਬ੍ਰਹਮ ਗਿਆਨ ਦੇ ਅੰਮ੍ਰਿਤ ਭੋਜਨ ਦਾ ਅਗੰਮੀ ਥਾਲ ਹੈ । ਇਹ ਮਨੁੱਖ ਦੀ ਰੂਹ ਦੀ ਖ਼ੁਰਾਕ ਹੈ । ਇਸ ਨੂੰ ਹਿਰਦੇ ਵਿੱਚ ਧਾਰਨ ਕਰਨ ਨਾਲ ਮਨੁੱਖ ਦਾ ਤਨ ਮਨ ਹਰਿਆ ਹੋ ਜਾਂਦਾ ਹੈ । ਉਸ ਦੇ ਵਿਸ਼ੇ ਵਿਕਾਰ, ਚਿੰਤਾ, ਫ਼ਿਕਰ, ਤ੍ਰਿਸ਼ਨਾਵਾਂ, ਲਾਲਸਾਵਾਂ, ਡਰ, ਭਉ ਸਭ ਖੈ ਹੋ ਜਾਂਦੇ ਹਨ । ਉਸਨੂੰ ਸੱਚ ਦਾ ਗਿਆਨ ਹੋ ਜਾਂਦਾ ਹੈ । ਸੱਚ ਤੋਂ ਮਨ ਵਿੱਚ ਸਬਰ-ਸੰਤੋਖ ਦਾ ਭਾਵ ਪੈਦਾ ਹੋ ਜਾਂਦਾ ਹੈ ਅਤੇ ਸੰਤੋਖ ਤੋਂ ਪਰਮੇਸ਼ਵਰ ਦੇ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੁੰਦੀ ਹੈ । ਗੁਰੂ ਜੀ ਨੇ ਫ਼ੁਰਮਾਇਆ ਹੈ:

**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**
**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**
**ਮੁੰਦਾਵਣੀ (ਮਃ ੫) – ਅੰਗ ੧੪੨੯**

**ਧੰਨਵਾਦਿ ਸਾਹਿਤ ਵਿਚੋਂ:-ਮਹਿਰ**

# ਦੁੱਖ ਤੇ ਸੁੱਖ

ਗਿ: ਸੰਤ ਸਿੰਘ ਮਸਕੀਨ

ਦੁੱਖ ਇੱਕ ਵਿਆਪਕ ਰੋਗ ਹੈ ਤੇ ਇਸ ਦੀ ਮਾਰ ਤੋ ਕੋਈ ਵੀ ਜੀਵ ਬਚ ਨਹੀਂ ਸਕਿਆ । ਮਨ ਕਿਸੇ ਵਸਤੂ ਦੀ ਚਾਹਤ ਕਰਦਾ ਹੈ, ਜਦ ਪ੍ਰਾਪਤ ਨਹੀਂ ਹੁੰਦੀ ਤਾਂ ਦੱਖ ਦਾ ਜਨਮ ਹੁੰਦਾ ਹੈ । ਚੂੰਕਿ ਚਾਹਤਿ ਮਨੁੱਖ ਦੀਆਂ ਬਹੁਤੇਰੀਆਂ ਹਨ, ਇਸ ਵਾਸਤੇ ਦੁੱਖ ਵੀ ਅਣਗਿਣਤ ਹਨ ।

ਜਦ ਇੱਕ ਇੱਛਾ ਪੂਰੀ ਹੁੰਦੀ ਹੈ, ਤਾਂ ਹੋਰ ਅਨੇਕਾਂ ਹੀ ਇੱਛਾਵਾਂ ਪੈਦਾ ਹੋ ਜਾਂਦੀਆ ਹਨ । ਖ਼ਾਹਿਸ਼ਾਂ ਦਾ ਬਾਕਾਇਦਾ ਦਰਿਆ ਮਨੁੱਖੀ ਅੰਤਸ਼ਕਰਨ ਅੰਦਰ ਚਲਦਾ ਰਹਿੰਦਾ ਹੈ । ਇੱਕ ਵਸਤੂ ਦੀ ਇੱਛਾ ਵੀ ਦੁੱਖ ਬਹੁਤਾ ਪੈਦਾ ਕਰ ਦੇਂਦੀ ਹੈ:

**ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥**
**ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥ ਅੰਗ ੧੨੪੯**

ਅਸੀਂ ਵੇਖਦੇ ਹਾਂ ਕਿ ਨਿਰਧਨ ਤਾਂ ਦੁਖੀ ਹੈ ਹੀ, ਧਨਵਾਨ ਵੀ ਦੁਖੀ ਹੈ । ਨਿਰਗੁਣ ਜਿਥੇ ਦੁੱਖ ਵਿੱਚ ਹੈ, ਉੱਥੇ ਗੁਣਵਾਨ ਵੀ ਦੁੱਖ ਪੂਰਵਕ ਜੀਵਨ ਬਤੀਤ ਕਰ ਰਿਹਾ ਹੈ । ਬੀਮਾਰ ਦਾ ਦੁੱਖੀ ਹੋਣਾ ਸੁਭਾਵਕ ਹੈ, ਪਰ ਤੰਦਰੁਸਤ ਵੀ ਦੁੱਖੀ ਹੈ । ਨਿਰਬਲ ਜੇ ਦੁੱਖੀ ਹੈ ਤਾਂ ਬਲਵਾਨ ਵੀ ਦੁੱਖੀ ਹੈ । ਸੋ ਕਿਥੇ ਤੱਕ ਲਿਖਿਆ ਜਾਵੇ, ਦੁੱਖ ਇੱਕ ਵਿਆਪਕ ਰੋਗ ਹੈ ।

ਹਰ ਇੱਕ ਦੀ ਚਾਹਤ ਵੱਖ ਵੱਖ ਹੈ, ਇਸ ਲਈ ਹਰ ਇੱਕ ਦਾ ਦੁੱਖ ਵੀ ਵੱਖ ਵੱਖ ਹੈ ।

ਪਿੰਡਾਂ ਵਿੱਚ ਗੋਬਰ ਪਾਥੀਆ ਘਰਾਂ ਵਿੱਚ ਬਾਲੀਆਂ ਜਾਂਦੀਆਂ ਹਨ, ਜਿਸ ਵਿਚੋਂ ਧੂੰਆਂ ਨਿਕਲ ਕੇ ਬਾਹਰ ਆ ਜਾਂਦਾ ਹੈ । ਪੜੋਸੀ ਤੇ ਰਾਹੀ ਨੂੰ ਪਤਾ ਚਲ ਜਾਂਦਾ ਹੈ ਕਿ ਇਸ ਘਰ ਵਿੱਚ ਅੱਗ ਬਲ ਰਹੀ ਹੈ । ਕਿਸੇ ਘਰ ਲੱਕੜ ਤੇ ਕੋਇਲਾ ਜਲਾਇਆ ਜਾਂਦਾ ਹੈ । ਧੂੰਆਂ ਲੱਕੜ ਤੇ ਕੋਇਲੇ ਤੋਂ ਵੀ ਪੈਦਾ ਹੁੰਦਾ ਹੈ, ਇਸ ਵਾਸਤੇ ਪਤਾ ਚਲ ਜਾਂਦਾ ਹੈ ਕਿ ਚੁਲ੍ਹ ਬਲ ਰਹੀ ਹੈ । ਮਿੱਟੀ ਦੇ ਤੇਲ ਨਾਲ ਕਿਸੇ ਘਰ ਵਿੱਚ ਸਟੋਵ ਜਲ ਰਿਹਾ ਹੁੰਦਾ ਹੈ, ਧੂੰਆਂ ਤਾਂ ਨਹੀਂ ਨਿਕਲਦਾ ਪਰ ਆਵਾਜ਼ ਦੱਸ ਦੇਂਦੀ ਹੈ ਕਿ ਚੁਲ੍ਹ ਤਪੀ ਹੋਈ ਹੈ ।

ਅੱਜ ਦਾ ਮਨੁੱਖ ਹਰ ਕੰਮ ਵਿਗਿਆਨਕ ਢੰਗ ਨਾਲ ਕਰਨ ਲੱਗ ਪਿਆ ਹੈ। ਇਸ ਵਾਸਤੇ ਅੱਜ ਇਸ ਨੇ ਗੈਸ ਦੇ ਚੁਲ੍ਹੇ ਈਜਾਦ ਕਰ ਲਏ ਹਨ, ਜਿਸ ਵਿੱਚ ਨਾ ਧੂੰਆਂ ਹੈ ਤੇ ਨਾ ਹੀ ਆਵਾਜ਼ ਹੈ । ਪੜੋਸੀ ਤੇ ਰਾਹੀ ਨੂੰ ਪਤਾ ਹੀ ਨਹੀਂ ਚਲਦਾ ਕਿ ਇਸ ਘਰ ਅੰਦਰ ਅੱਗ ਬਲ ਰਹੀ ਹੈ ।

ਜਦ ਅਸੀਂ ਇਹ ਕਹਿੰਦੇ ਹਾਂ ਕਿ ਫਲਾਣੇ ਦੇ ਘਰ ਤਾਂ ਬੜਾ ਹੀ ਸੁੱਖ ਹੈ, ਅੰਨਦ ਹੀ ਅਨੰਦ ਹੈ, ਉਦੋਂ ਸਾਨੂੰ ਭੁਲੇਖਾ ਲਗ ਜਾਂਦਾ ਹੈ । ਦਰਅਸਲ ਉਸ ਘਰ ਅੰਦਰ ਗੈਸ ਦੇ ਚੁਲ੍ਹੇ ਬਲ ਰਹੇ ਹਨ, ਧੂੰਆਂ ਬਾਹਰ ਨਹੀਂ ਆ ਰਿਹਾ , ਇਸ ਵਾਸਤੇ ਇਹ ਭੁਲੇਖਾ ਪੈ ਜਾਂਦਾ ਹੈ ।

ਜਿਸ ਘਰ ਦੇ ਦੁੱਖ ਪ੍ਰਗਟ ਹੋ ਜਾਂਦਾ ਹਨ, ਪੜੋਸੀ ਤੇ ਰਾਹੀ ਨੂੰ ਪਤਾ ਚਲ ਜਾਂਦਾ ਹੈ । ਪਰ ਕਈ ਅੰਦਰ ਅੰਦਰ ਸੜ ਰਹੇ ਹੁੰਦੇ ਹਨ ਤੇ ਵੇਖਣ ਵਾਲੇ ਉਨ੍ਹਾਂ ਨੂੰ ਸੁਖੀ ਸਮਝ ਲੈਂਦੇ ਹਨ । ਜੋ ਧਿਆਨ ਨਾਲ ਵੇਖੀਏ ਤਾਂ ਖੇੜੇ ਅੰਦਰ ਰੋਣਾ ਛਿਪਿਆ ਪਿਆ ਹੈ, ਹਰ ਖ਼ੁਸ਼ੀ ਗ਼ਮ ਨੂੰ ਛੁਪਾਈ ਬੈਠੀ ਹੈ । ਇਜ਼ਤ ਦੇ ਨਾਲ ਬੇਇਜ਼ਤੀ, ਨਫ਼ੇ ਨਾਲ ਨੁਕਸਾਨ ਤੇ ਜੀਵਨ ਨਾਲ ਮੌਤ ਜੁੜੀ ਹੋਈ ਹੈ । ਇਕ ਉਰਦੂ ਦੇ ਕਵੀ ਦਾ ਕਹਿਣਾ ਹੈ:

**ਫੂਲ ਖਿਲਤਾ ਹੈ ਮੁਰਝਾਨੇ ਕਾ ਤਖ਼ੱਈਅਲ ਲੇਕਰ ।**
**ਜਿਸੇ ਹੰਸਤਾ ਹੂਆ ਪਾਓਗੇ ਵੋਹ ਪਰੇਸ਼ਾਂ ਹੋਗਾ ।**

**ਗੁਰੂ ਨਾਨਕ ਦੇਵ ਜੀ ਦਾ ਸੰਸਾਰ ਪ੍ਰਸਿੱਧ ਇਹ ਵਾਕ ਹੈ ਕਿ :**
**ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖਿਆ ਸਭੁ ਸੰਸਾਰੁ ॥ ਪੰਨਾ ੯੫੪**

ਦਰਅਸਲ ਪਦਾਰਥਾਂ ਦਾ ਮਿਲ ਜਾਣਾ ਸੁੱਖ ਦਾ ਮਿਲਣਾ ਨਹੀਂ ਹੈ, ਪਰਮਾਤਮਾ ਦਾ ਮਿਲਣਾ ਹੀ ਸੁੱਖ ਦਾ ਮਿਲਣਾ ਹੈ :

**ਸੁਖੁ ਨਾਹੀ ਬਹੁਤੈ ਧਨਿ ਖਾਟੇ ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ**
**ਭੈਰਉ (ਮਃ ੫) - ਅੰਗ ੧੧੪੭**

ਸੁੱਖਾਂ ਦਾ ਕੇਂਦਰ ਮਰਕਜ਼ ਈਸ਼ਵਰ ਹੈ, ਜਦ ਤੱਕ ਈਸ਼ਵਰ ਨਾਲ ਨਾ ਜੁੜੀਏ, ਸੁੱਖਾਂ ਦਾ ਰਸ ਨਸੀਬ ਨਹੀਂ ਹੁੰਦਾ । ਸੋ ਈਸ਼ਵਰ ਦਾ ਮਿਲਣਾ ਹੀ ਸੁੱਖ ਦਾ ਮਿਲਣਾ ਹੈ ਤੇ ਈਸ਼ਵਰ ਦਾ ਭੁੱਲਣਾ ਹੀ ਮਹਾਨ ਦੁੱਖ ਹੈ :

**ਗ਼ਮ ਚੇ ਬਾਸ਼ਦ ਗ਼ਫ਼ਲਤ ਅਜ਼ ਯਾਦੇ ਖ਼ੁਦਾ ॥**
**ਚੀਸਤ ਸ਼ਾਦੀ-ਯਾਦ ਆਂ ਬ ਮੁੰਤਹਾ ॥ (ਦੀਵਾਨੇ ਗੋਯਾ)**

ਗੁਰੂ ਘਰ ਦੇ ਲਾਡਲੇ ਤੇ ਅਨੁਭਵੀ ਸ਼ਾਇਰ ਭਾਈ ਨੰਦ ਲਾਲ ਜੀ ਤਾਂ ਇਹ ਕਹਿੰਦੇ ਹਨ ਕਿ ਜਦ ਬੰਦਾ ਰੱਬ ਨੂੰ ਭੁੱਲਦਾ ਹੈ ਬਸ ਉਸ ਵਕਤ ਉਸ ਨੂੰ ਗ਼ਮ ਆਣ ਘੇਰਦੇ ਹਨ ਤੇ ਰੱਬੀ ਯਾਦ ਨਾਲ ਸਾਰੀਆਂ ਖ਼ੁਸ਼ੀਆਂ ਮਿਲ ਜਾਂਦੀਆਂ ਹਨ ।

ਗੁਰੂ ਅਰਜਨ ਦੇਵ ਜੀ ਤਾਂ ਇਹ ਫ਼ੁਰਮਾਂਦੇ ਹਨ ਕਿ ਇਕ ਗ਼ਮ ਨਹੀਂ ਸਗੋਂ ਸਾਰੇ ਦੁੱਖ ਓਦੋਂ ਆ ਚੰਬੜਦੇ ਹਨ ਜਦੋਂ ਮਨੁੱਖ ਨੂੰ ਰੱਬ ਭੁੱਲਦਾ ਹੈ:

**ਪਰਮੇਸ਼ਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ (ਮਾਝ ਮਹਲਾ ੫, ਪੰਨਾ ੧੩੫)**

**ਧੰਨਵਾਦਿ ਸਾਹਿਤ ਵਿਚੋਂ:- ਗੁਰੂ-ਚਿਤੰਨ**

# ਦੁਖ ਭੰਜਨੁ ਤੇਰਾ ਨਾਮੁ

ਡਾ. ਬਰਿਜਿੰਦਰ ਕੌਰ

ਨਾਮ ਇੱਕ ਸਰਬ ਵਿਆਪਕ ਸ਼ਕਤੀ ਹੈ, ਜੋ ਹਰ ਥਾਂ ਭਰਪੂਰ ਹੋ ਕੇ ਘਟ ਨੂੰ ਧਾਰ ਰਹੀ ਹੈ। ਨਾਮ ਤੋਂ ਭਾਵ ਨਿਰੰਕਾਰ ਦੀ ਕਿਸੇ ਸੰਗਿਆ ਤੋਂ ਨਹੀਂ, ਉਸ ਦੇ ਸਰਬ ਵਿਆਪਕ ਗਰੁੱਪ ਤੋਂ ਹੈ। ਨਾਮ ਅਕਹਿ ਤੇ ਅਕਥ ਹੈ। ਇਹ ਅਹਿਸਾਸ ਹੈ, ਸੁਆਦ ਹੈ, ਅਕਾਲ ਪੁਰਖ ਦਾ ਨਿਰਗੁਣ ਸਰੂਪ ਅਗੰਮ, ਅਗੋਚਰ ਹੈ, ਸੱਚ ਸ਼ਕਤੀ ਦੀ ਪਕੜ ਤੋਂ ਪਰ੍ਹੇ ਹੈ। ਸਾਡੇ ਗਿਆਨ ਇੰਦ੍ਰੇ ਇਸ ਤੱਕ ਨਹੀਂ ਪਹੁੰਚ ਸਕਦੇ। ਨਾ ਕੋਈ ਇਸ ਦੇ ਰੂਪ ਦੀ ਕਲਪਨਾ ਕਰ ਸਕਦਾ ਹੈ। ਨਾ ਬਿਆਨ ਕਰ ਸਕਦਾ ਹੈ। ਸਰਗੁਣ ਸਰੂਪ ਵਿੱਚ ਉਹ ਕਾਦਰ ਬਣ ਕੇ ਕੁਦਰਤ ਵਿੱਚ ਵਸਿਆ ਹੋਇਆ ਹੈ। ਬਲਿਹਾਰੀ ਕੁਦਰਤਿ ਵਸਿਆ ਹੈ, ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਕਿਰਤਮ ਨਾਮ ਕਥੈ ਤੇਰੇ ਜਿਹਬਾ ਉਹ ਸਤਿ ਸਰੂਪ ਹੈ, ਸਤ ਹੈ। ਸਦਾ ਰਹਿਣ ਵਾਲਾ ਹੈ ਸਥਿਰ ਹੈ। ਉਹ ਅਮਿਤੋਜ ਹੈ। ਅਕਲ ਕਲਾ ਹੈ, ਨਾਮ ਰਚੇਤਾ ਵੀ ਹੈ, ਰਚਨਹਾਰਾ ਹੈ। ਅਧਾਰ ਭੀ ਹੈ ਤੇ ਕਣ ਕਣ ਵਿੱਚ ਰਮਿਆ ਹੋਇਆ ਹੈ। ਇਸੇ ਨਾਮ ਨੇ ਸਤਿਗੁਰੂ ਸਾਹਿਬਾਨ ਨੂੰ ਪ੍ਰਕਾਸ਼ਮਾਨ ਕੀਤਾ ਤੇ ਇਸੇ ਨਾਮ ਨੇ ਧੁਰ ਕੀ ਬਾਣੀ ਨੂੰ ਜਨ ਕਲਿਆਣ ਲਈ ਸ਼ਬਦ ਗੁਰੂ ਦਾ ਰੁਤਬਾ ਬਖਸ਼ਿਆ। ਅਕਾਲ ਪੁਰਖ, ਸਿਰਜਨਹਾਰ, ਸਰਵ ਵਿਆਪਕ, ਸਰਬ ਕਲਾ ਸਮਰਥ, ਰੱਬ, ਖੁਦਾ, ਬ੍ਰਹਮ, ਜਗਦੀਸ਼, ਰਾਮ ਆਪਣੇ ਕਰਮ ਗੁਣਾਂ ਕਰਕੇ ਬਖਸਿੰਦ ਹੈ, ਕ੍ਰਿਪਾਲੂ ਹੈ, ਦਿਆਲੂ ਹੈ, ਰਖਿਅਕ ਹੈ, ਮਾਲਕ ਹੈ, ਰਾਜਕ ਹੈ, ਰਹੀਮ ਹੈ, ਕਰੀਮ ਹੈ ਤੇ ਦੁੱਖ ਭੰਜਨ ਹੈ।

ਦੁੱਖ ਦੀ ਹੋਂਦ ਮਨੁੱਖੀ ਜੀਵਨ ਦਾ ਲੱਛਣ ਹੈ। ਇਸ ਦੀ ਉਮਰ ਮਨੁੱਖ ਜਿੰਨੀ ਹੀ ਪੁਰਾਣੀ ਹੈ। ਇਸ ਦਾ ਆਰੰਭ ਉਸ ਸਮੇਂ ਤੋਂ ਹੀ ਹੋ ਗਿਆ ਜਦੋਂ ਮਨੁੱਖ ਨੇ ਸੁੱਖ ਤੇ ਦੁੱਖ ਦੇ ਅੰਤਰ ਨੂੰ ਮਹਿਸੂਸ ਕਰਨਾ ਸਿੱਖ ਲਿਆ ਹੋਵੇਗਾ। ਗੁਰਬਾਣੀ ਵਿੱਚ ਦੁੱਖ ਨੂੰ ਵਿਚਾਰ ਤੇ ਕਰਮ ਦੀ ਪੱਧਰ ਤੇ ਜੀਵਨ ਜਾਂਚ ਦਾ ਇਕ ਅਨਿਖੜਵਾਂ ਅੰਗ ਜ਼ਰੂਰ ਮੰਨਿਆ ਗਿਆ ਹੈ, ਪਰੰਤੂ ਇਸ ਦਾ ਦ੍ਰਿਸ਼ਟੀਕੋਣ ਬਾਕੀ ਧਰਮਾਂ ਦੀ ਨਿਸਬਤ ਅਲਗ ਵੀ ਹੈ। ਉਪਨਿਸ਼ਦਾਂ ਵਿਚ ਸਾਰੀਆਂ ਨਾਸ਼ਮਾਨ ਵਸਤੂਆਂ ਨੂੰ ਦੁੱਖ ਦੀਆਂ ਹੇਤੂ ਮੰਨਿਆ ਹੈ। ਗੁਰੂ ਸਾਹਿਬ ਦੁਖਾਂ ਤੋਂ ਨਿਕਲਣ ਦਾ ਮਾਰਗ ਭੀ ਸੁਝਾਂਉਂਦੇ ਹਨ। ਗੁਰਬਾਣੀ ਦੁਖਾਂ ਨਾਲ ਨਿਪਟਣ ਦੀ ਜਾਂਚ ਸਿਖਾਉਂਦੀ ਹੈ। ਉਹਨਾਂ ਨੂੰ ਸਹਿਣ ਦਾ ਤਰੀਕਾ ਸੁਝਾਉਂਦੀ ਹੈ। ਦੁੱਖ ਨੂੰ ਦਾਰੂ ਬਣਾਉਂਦੀ ਹੈ ਨਾ ਕਿ ਮਹਾਤਮਾ ਬੁੱਧ ਵਾਂਗ ਤਿਆਗ ਲਈ ਪ੍ਰੇਰਦੀ ਹੈ।

ਜਨਮ ਤੋਂ ਮਰਨ ਤੱਕ ਮਨੁੱਖ ਨੂੰ ਸਰੀਰਕ, ਮਾਨਸਿਕ, ਆਰਥਿਕ ਤੌਰ ਤੇ ਅਨੇਕਾਂ ਪ੍ਰਕਾਰ ਦੇ ਦੁੱਖ, ਤਸੀਹੇ, ਦਲਿੱਦਰ, ਮੰਦਹਾਲੀ, ਜੁਲਮ, ਜਬਰ, ਤਸੀਹੇ, ਭੁਖ ਰੋਗ ਅਤੇ ਅਜਿਹੇ ਹੋਰ ਅਣਗਣਿਤ ਕਸ਼ਟ ਹਨ ਜੋ ਨਾ ਤਾਂ ਜਨ ਸਾਧਾਰਨ ਦੀ ਅਖੋਂ ਉਹਲੇ ਹੋ ਸਕੇ ਨਾ ਹੀ ਕਿਸੇ ਰਿਸ਼ਿ, ਮਹਾਤਮਾ, ਪੀਰ ਪੈਗੰਬਰ ਦੀ ਨਜ਼ਰੋ। ਇਸੇ ਲਈ ਗੁਰੂ ਨਾਨਕ ਦੇਵ

ਜੀ ਨਾਨਕ ਦੁਖੀਆ ਸਭ ਸੰਸਾਰ ਮੰਨਦੇ ਹਨ ਅਤੇ ਬਾਬਾ ਫਰੀਦ ਫੁਰਮਾਉਂਦੇ ਹਨ:

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥**
**ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥**

**ਸਲੋਕ (ਭ. ਫਰੀਦ) - ਅੰਗ ੧੩੮੨**

ਇਥੇ ਹੀ ਬਸ ਨਹੀਂ ਦੁਨੀਆਂ ਭਰ ਦੇ ਦੁੱਖਾਂ ਦੀ ਮਨੁੱਖੀ ਪੱਖ ਤੋਂ ਵਿਸ਼ਵ ਵਿਆਪਕਤਾ ਨੂੰ ਗੁਰੂ ਨਾਨਕ ਦੇਵ ਜੀ ਅਤਿਅੰਤ ਭਾਵੁਕਤਾ ਨਾਲ ਫੁਰਮਾਉਂਦੇ ਹਨ :

**ਕਿਸੁ ਪਹਿ ਖੋਲ੍ਉ ਗੰਠੜੀ ਦੂਖੀ ਭਰਿ ਆਇਆ ॥**
**ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ ॥**

**- ਸੂਹੀ (ਮਃ ੧) - ਅੰਗ ੭੬੭**

ਗੁਰਬਾਣੀ ਅਨੁਸਾਰ ਅਗਿਆਨ ਤੇ ਭਰਮ ਦੁੱਖਾਂ ਨੂੰ ਜਨਮ ਦਿੰਦੇ ਹਨ। ਮਨ ਦੀ ਮਤ ਅਧੀਨ ਕੀਤੇ ਕਰਮ ਦੁੱਖ ਹਨ। ਗਨਕਾ ਅਤੇ ਅਜਾਮਲ ਕਾਮਵਾਸ਼ਨਾਵਾਂ ਅਧੀਨ ਪੈਦਾ ਹੋਏ ਦੁੱਖਾਂ ਦੇ ਪ੍ਰਤੀਕ ਹਨ। ਧਰੂਅ ਹਉਮੈ ਦਾ ਸ਼ਿਕਾਰ ਹੈ। ਦਰੋਪਤੀ ਈਰਖਾ ਤੋਂ ਉਪਜੇ ਦੁੱਖ ਦਾ ਪ੍ਰਤੀਕ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਥੇ ਦੁੱਖ ਹਨ ਉੱਥੇ ਹੋਰ ਦੁੱਖ ਉਪਜਾਉਣ ਦੇ ਕਾਰਨ ਵੀ ਬਣਦੇ ਹਨ ਕਿਉਂਕਿ ਇਹਨਾ ਮਨੋਭਾਵਾਂ ਦੀ ਪ੍ਰਾਪਤੀ ਲਈ ਕੁਝ ਨਾ ਕੁਝ ਕਰਨਾ ਤੇ ਕਰਦੇ ਰਹਿਣਾ ਦੁੱਖ ਪੈਦਾ ਕਰਨਾ ਹੈ। ਇਸ ਅਗਿਆਨਤਾ ਵਸ, ਬਿਬੇਕੀ ਨਾ ਹੋਣ ਦੀ ਸੂਰਤ ਵਿੱਚ ਭਲੇ ਤੇ ਧੁਰੇ ਵਿੱਚ, ਆਪਣੇ ਤੇ ਪਰਾਏ ਵਿੱਚ ਸੱਚ ਤੇ ਝੂਠ ਵਿੱਚ ਪਹਿਚਾਨ ਨਹੀਂ ਰਹਿ ਜਾਂਦੀ। ਜਿਹਾ ਕਿ ਗੁਰਬਾਣੀ ਦਾ ਫੁਰਮਾਨ ਹੈ :-

**ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥**

**ਟੋਡੀ (ਮਃ ੯) - ਅੰਗ ੭੧੮**

ਹਉਮੈ ਗੁਰਬਾਣੀ ਅਨੁਸਾਰ ਦੀਰਘ ਰੋਗ ਹੈ। ਜਿਸ ਤੋਂ ਕੇਵਲ ਦੁੱਖ ਹੀ ਪੈਦਾ ਹੁੰਦੇ ਹਨ। ਹਉਮੈ ਕਾਰਨ ਮਨੁੱਖ ਅੰਨਾ ਹੁੰਦਾ ਹੈ। ਇਹ ਅੰਨਾਪਣ ਉਸ ਦੀਆਂ ਪਦਾਰਥਕ ਪ੍ਰਾਪਤੀਆਂ ਦੇ ਖੁਮਾਰ ਕਰਕੇ ਹੁੰਦਾ ਹੈ। ਅਜਿਹੇ ਨਸ਼ਈ ਮਨੁੱਖ ਮਨ ਦੇ ਮਾਣ ਦੇ ਸ਼ਿਕਾਰ ਹੁੰਦੇ ਹਨ। ਅਸਥਿਰਤਾ ਦੇ ਅਸੰਤੁਸ਼ਟਤਾ ਕਰਕੇ ਡੋਲਦੇ ਹਨ। "ਨਿਸਦਿਨ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ" ਦੇ ਪਵਿਤਰ ਕਥਨ ਅਨੁਸਾਰ ਕਥਨ ਅਨੁਸਾਰ ਚਿੰਤਾ, ਸੰਸੇ, ਵਿਕਾਰ, ਲਾਲਚ ਵਿੱਚ ਮਨੁੱਖ ਗ੍ਰਸਿਆ ਰਹਿੰਦਾ ਹੈ ਤੇ ਦੁੱਖੀ ਹੁੰਦਾ ਹੈ।

ਅਧਿਆਤਮਕ ਪਧਰ ਤੇ ਪਰਮਾਤਮਾ ਤੋਂ ਆਤਮਾ ਦਾ ਵਿਛੋੜਾ ਸਭ ਤੋਂ ਵਡਾ ਦੁੱਖ ਹੈ। ਫੁਰਮਾਨ ਹੈ :-

**ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥**
**ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥**

**ਮਲਾਰ (ਮਃ ੧) - ਅੰਗ ੧੨੫੬**

ਸਵਿਕਾਰਤਮਕ ਤੇ ਉਤਸ਼ਾਹਜਨਕ ਪੱਖ ਤੋਂ ਗੁਰਬਾਣੀ ਮਨੁੱਖੀ ਮਨ ਨੂੰ ਅਹਿਸਾਸ, ਦਿਲਾਸਾ ਤੇ ਭਰੋਸਾ ਦਿੰਦੀ ਹੈ ਕਿ ਜੀਵਨ ਦੇ ਦੁੱਖਾਂ ਦਾ ਅੰਤ ਹੋ ਸਕਦਾ ਹੈ। ਇਹ ਦੁੱਖ ਭਾਵੇਂ ਅਧਿਆਤਮਕ ਪੱਖੋਂ ਹੋਣ ਜਾਂ ਪਦਾਰਥਕ ਇਹਨਾਂ ਤੋਂ ਛੁਟਕਾਰਾ ਅਵਸ਼ ਮਿਲ ਸਕਦਾ ਹੈ ਕਿਉਂਕਿ ਜੋਤ ਸਰੂਪ ਪ੍ਰਮੇਸ਼ਵਰ ਦਾ ਇਹ ਗੁਣ ਹੈ ਕਿ ਉਹ ਦੁੱਖ ਹਰਤਾ ਹੈ। 'ਦੁੱਖ ਭੰਜਨ ਤੇਰਾ ਨਾਮ ਹੈ।'

ਦੁੱਖ ਨਾ ਮਿਟੈ ਬਿਨ ਗੁਰ ਕੀ ਸਰਣਾ ਦੇ ਪਵਿਤਰ ਕਥਨ ਅਨੁਸਾਰ ਮਨੁੱਖ ਸੁਖੀ ਹੋ ਸਕਦਾ ਹੈ ਲੋੜ ਤਾਂ ਸਿਰਫ ਦੁੱਖ ਭੰਜਨ ਦਾ ਨਾਮ ਲੈਣ ਦੀ ਹੈ। ਉਸ ਗੁਣੀ ਨਿਧਾਨ ਦੀ ਸ਼ਰਨ ਵਿੱਚ ਆਉਣ ਲਈ ਯਤਨ ਜਾਰੀ ਰਖਣੇ ਚਾਹੀਦੇ ਹਨ। ਇਹ ਯਤਨ ਹੀ ਸਾਧਨਾ ਹੈ ਜੋ ਮਨੁੱਖ ਨੂੰ ਸੁਖੀ ਜਾਂ ਸੰਤੁਲਤ ਸ਼ਖਸੀਅਤ ਬਖਸ਼ਦੀ ਹੇ। ਇਹ ਸਹਿਜ ਦੀ ਅਵਸਥਾ ਹੈ ਜਿਸ ਨੂੰ ਪ੍ਰਾਪਤ ਕਰਕੇ ਦੁੱਖ ਸੁੱਖ ਦੀ ਪਕੜ ਤੋਂ ਉਪਰ ਉਠਿਆ ਜਾ ਸਕਦਾ ਹੈ। ਇਤਿਹਾਸ ਅਜਿਹੀਆਂ ਸ਼ਖਸੀਅਤਾਂ ਨਾਲ ਭਰਿਆ ਹੋਇਆ ਹੈ ਜਿਹਨਾਂ ਨੇ ਗੁਰੂ ਸਾਹਿਬ ਵੱਲੋਂ ਦਸੀ ਗੁਗਤਿ ਅਨੁਸਾਰ ਜੀਵਨ ਜੀਵਿਆ। ਭਾਈ ਮਤੀ ਦਾਸ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਭਾਈ ਤਾਰੂ ਸਿੰਘ ਤੋਂ ਇਲਾਵਾ ਦਿੱਲੀ ਦਾ ਚਾਂਦਨੀ ਚੌਕ ਅਜਿਹੀ ਸਹਿਜ ਅਵਸਥਾ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ ਕਿਉਂਕਿ ਉਹਨਾਂ ਜੀਵਾਂ ਲਈ ਦੁੱਖ ਸੁੱਖ ਵਿੱਚ ਸੁੱਖ ਸਨੇਹ ਵਿੱਚ, ਕੰਚਨ ਮਾਟੀ ਵਿੱਚ, ਹਰਖ ਸੋਗ ਵਿੱਚ ਕੋਈ ਫਰਕ ਨਹੀਂ ਹੁੰਦਾ। ਅਜਿਹੀ ਅਵਸਥਾ ਦੀ ਪ੍ਰਾਪਤੀ ਤੇ ਦੁੱਖਾਂ ਤੋਂ ਛੁਟਕਾਰਾ ਦੁੱਖ ਭੰਜਨ ਪ੍ਰਭ ਦੇ ਨਾਮ ਸਿਮਰਨ ਵਿੱਚ ਹੈ। ਇਹੀ ਇੱਕ ਮਾਤਰ ਸਾਧਨ ਵਸੀਲਾ ਤੇ ਜੁਗਤ ਹੈ ਜਿਸ ਨਾਲ ਦੁੱਖਾਂ ਤੋਂ ਨਵਿਰਤੀ ਪਾਈ ਜਾ ਸਕਦੀ ਹੈ।

ਗੁਰਬਾਣੀ ਦਾ ਇਸ ਸੰਬੰਧੀ ਫੁਰਮਾਣ ਹੈ:-

**ਸਿਮਰਉ ਸਿਮਰਿ ਸਿਮਰਿ ਸੁੱਖ ਪਾਵਉ ਕਲ ਕਲੇਸ ਤਨ ਮਾਹਿ ਮਿਟਾਵਉ**

ਦੁੱਖ ਭੰਜਨ ਪ੍ਰਮਾਤਮਾ ਦਾ ਨਾਮ ਸਿਮਰਨ ਕਰਨ ਨਾਲ ਦੁੱਖ ਜਨਮ ਮਰਨ ਗਰੀਬੀ ਤੇ ਬਿਪਤਾ ਦੂਰ ਹੋ ਜਾਂਦੀ ਹੈ। ਹਰੀ ਦਾ ਨਾਮ ਲੈਣ ਨਾਲ ਨਾ ਕੇਵਲ ਇਹ ਜਨਮ ਦੇ ਬਲਕਿ ਜਨਮਾਂ ਜਨਮਾਂ ਦੇ ਪਾਪਾਂ ਦੀ ਮੈਲ ਧੋਤੀ ਜਾਂਦੀ ਹੈ। ਜਿਵੇਂ ਅੱਗ ਦੀ ਇੱਕ ਚਿਣਗਾਰੀ ਬਾਲਣ ਦੇ ਢੇਰ ਨੂੰ ਸੁਆਹ ਕਰ ਦਿੰਦੀ ਹੈ ਤਿਵੇਂ ਇੱਕ ਪਲ ਦਾ ਸਿਮਰਨ ਅਨੇਕਾਂ ਪਾਪਾਂ ਤੇ ਦੁੱਖਾਂ ਨੂੰ ਕਟ ਦਿੰਦਾ ਹੈ :

**ਸਿਮਰਤ ਨਾਮੁ ਕਿਲਬਿਖ ਸਭਿ ਕਾਟੇ ॥ ਧਰਮ ਰਾਇ ਕੇ ਕਾਗਰ ਫਾਟੇ ॥**
**ਅੰਗ ੧੩੪੮)**

ਦੁੱਖ ਦਲਿਦਰ ਗਰੀਬੀ ਰੋਗ ਨਿਰਾਸ਼ਾ ਚਿੰਤਾ ਆਧੀਆਂ ਵਿਆਧੀਆਂ ਗ੍ਰਹਿਸਥ ਦੇ ਫਿਕਰ ਪਲ ਪਲ ਦਾ ਖੌਫ ਦਹਿਸ਼ਤ ਤੇ ਮੁਸੀਬਤਾਂ ਸਮੇਂ ਸਭ ਰਿਸ਼ਤੇ ਨਾਤੇ ਸਕੇ ਸੰਬੰਧੀ,

ਦੋਸਤ ਮਿਤਰ ਸਾਥ ਛਡ ਜਾਂਦੇ ਹਨ। ਪਰੰਤੂ ਗੁਰਬਾਣੀ ਅਨੁਸਾਰ ਜੇਕਰ ਦੁੱਖ ਭੰਜਨ ਪ੍ਰਭ ਦੇ ਨਾਮ ਦਾ ਆਸਰਾ ਲਿਆ ਹੋਵੇਗਾ ਤਾਂ ਅਜਿਹੀ ਅਵਸਥਾ ਉਤਪੰਨ ਹੀ ਨਹੀਂ ਹੁੰਦੀ। ਜਿਹਾ ਕਿ ਉਪਦੇਸ਼ ਹੈ :

**ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥**
**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥**
**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ -**
**ਸਿਰੀਰਾਗੁ (ਮਃ ੫) - ਅੰਗ ੭੧**

ਜੋ ਜੋ ਦੀਸੈ ਸੋ ਸੋ ਰੋਗੀ ਅਨੁਸਾਰ ਕਰੋੜਾਂ ਜੀਵ ਅਨਗਿਣਿਤ ਰੋਗਾਂ ਨਾਲ ਪੀੜਿਤ ਹਨ। ਕਲੇਸ਼ਾਂ ਵਿੱਚ ਗ੍ਰਸੇ ਹੋਏ ਹਨ। ਪਰੰਤੂ ਜੋ ਜੀਵ ਸਰਬ ਰੋਗ ਕਾ ਅਉਖਧ ਨਾਮ ਲੈ ਲੈਂਦੇ ਹਨ। ਉਹਨਾਂ ਨੂੰ ਦੁੱਖ ਭੰਜਨ ਪ੍ਰਮਾਤਮਾ ਸੁਪਨੇ ਵਿੱਚ ਭੀ ਦੁੱਖ ਰੋਗ ਜਾਂ ਕਲੇਸ਼ ਨਹੀਂ ਵਿਖਾਉਂਦਾ ਤੇ ਉਹ ਅਚਿੰਦ ਸੌਂਦੇ ਤੇ ਜਾਗਦੇ ਹਨ।

ਸਿਮਰਨ ਦੁਆਰਾ ਜੋ ਸੁੱਖ ਪ੍ਰਾਪਤ ਹੁੰਦਾ ਹੈ। ਉਹ ਮਨ ਨੂੰ ਸੰਤੋਖ ਅਡੋਲਤਾ ਤੇ ਸ਼ਾਂਤੀ ਦਿੰਦਾ ਹੈ। ਇਸ ਤੋਂ ਭੀ ਅੱਗੇ ਜਾਂਦਿਆਂ ਜੇਕਰ ਪ੍ਰਭੂ ਭਗਤੀ ਪ੍ਰਤੀ ਭੁਖ, ਜਗਿਆਸਾ ਤੇ ਪ੍ਰੇਮ ਦੀ ਹਦ ਜਾਂ ਇਨਤਹਾ ਵਧੇਗੀ ਉਥੇ ਦੁੱਖ ਦਾ ਅਭਾਵ ਹੋ ਜਾਵੇਗਾ। ਭਗਤੀ ਹੀ ਜੀਵਨ ਦਾ ਆਸਰਾ ਹੈ ਤੇ ਦੁੱਖਾਂ ਦਾ ਦਾਰੂ ਹੈ। ਪ੍ਰਭੀ ਭਗਤੀ ਵਿੱਚ ਲੀਨਤਾ ਦੀ ਭੁਖ ਸਭ ਦੁੱਖਾਂ ਨੂੰ ਮਿਟਾ ਦਿੰਦੀ ਹੈ। ਉਹ ਪਵਿੱਤਰ ਆਤਮਾਵਾਂ ਜਿਹਨਾਂ ਵਿੱਚ ਮਾਇਆ ਤੋਂ ਮੁਕਤ ਹਰੀ ਦੇ ਸਿਮਰਨ ਦਾ ਅੰਸ਼ ਰਲਿਆ ਹੋਵੇ ਉਹ ਦੁੱਖ ਨੂੰ ਭੀ ਅੰਮ੍ਰਿਤ ਸਵੀਕਾਰ ਕਰਦੀਆਂ ਹਨ।

ਰਜ਼ਾ, ਭਾਣਾ ਜਿਸ ਦਾ ਭਾਵ ਹਰੀ ਦਾ ਹੁਕਮ ਹੈ, ਅਜਿਹਾ ਨਿਯਮ ਜੋ ਅਟਲ ਅਤੇ ਸਚ ਨਿਆਂ ਉਪਰ ਆਧਾਰਿਤ ਹੁੰਦਾ ਹੈ, ਨੂੰ ਮੰਨਣ ਨਾਲ ਦੁੱਖ ਦਾ ਅਨੁਭਵ ਮਿਟ ਜਾਂਦਾ ਹੈ। ਉਸ ਅਨੁਸਾਰ ਹਰੀ ਦੇ ਭਾਣੇ ਵਿੱਚ ਸਭ ਭਲਾ ਹੀ ਭਲਾ ਹੁੰਦਾ ਹੈ ਬੁਰਾ ਕੁਝ ਨਹੀਂ। ਇਸ ਲਈ ਦੁੱਖ ਦਰਦ ਤੇ ਕਲੇਸ਼ ਰਹਿ ਨਹੀਂ ਜਾਂਦਾ।

ਦੁੱਖ ਭੰਜਨ ਪ੍ਰਮਾਤਮਾ ਦਾ ਨਾਮ ਦੁੱਖ ਦੇ ਤੇਲ ਨੂੰ ਸੁਕਾ ਦਿੰਦਾ ਹੈ। ਇਹ ਨਾਮ ਭੀ ਹਰੀ ਦੀ ਕਿਰਪਾ ਦੁਆਰਾ, ਮਿਹਰ ਦੁਆਰਾ ਪ੍ਰਾਪਤ ਹੁੰਦਾ ਹੈ। ਫੁਰਮਾਨ ਹੈ :-

**ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥**
**ਤਿਲੰਗ (ਮਃ ੫ - ਅੰਗ ੭੨੪**

ਆਵਾਗਵਣ ਦੇ ਸੰਬੰਧ ਵਿੱਚ ਮੰਨਿਆ ਜਾ ਚੁਕਾ ਹੈ ਕਿ ਜਨਮ ਮਰਨ ਦੁੱਖ ਹੈ। ਮੌਤ ਇੱਕ ਭਿਆਨਕ ਦੁੱਖ ਹੈ। ਇਸ ਦੀ ਸੰਭਾਵਨਾ ਤੋਂ ਮਨੁੱਖ ਹਰ ਘੜੀ ਹਰ ਪਲ ਜਦ

ਇਸ ਦਾ ਧਿਆਨ ਆਵੇ ਡਰਦਾ ਹੈ । ਜੀਵਨ ਭਰ ਇਸ ਤੋਂ ਬਚਣ ਦੇ ਯਤਨ ਕਰਦਾ ਹੈ । ਪਤਾ ਨਹੀਂ ਕਦੋਂ ਕਿਸ ਵੇਲੇ ਅਚਿੰਤੇ ਬਾਜ ਪੈ ਜਾਣੇ ਹਨ । ਗੁਰਬਾਣੀ ਵਿੱਚ ਸਰੀਰ ਦੀ ਨਾਸ਼ਮਾਨਤਾ ਨੂੰ ਮੰਨ ਕੇ ਦਰਸਾ ਕੇ ਪ੍ਰੀਤਮ ਸੰਗ ਮੇਲ ਦਾ ਸਿਧਾਂਤ ਦੇਕੇ ਦੁੱਖ ਨੂੰ ਪਰਮ ਸੁੱਖ ਵਿੱਚ ਤਬਦੀਲ ਕੀਤਾ ਹੈ । ਫੁਰਮਾਨ ਹੈ :-

**ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥**
**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥**

**ਸੋਹਿਲਾ ਗਉੜੀ (ਮਃ ੧) - ਅੰਗ ੧੨**

ਜੀਵਨ ਦਾ ਸਾਧਾਰਨ ਦੁੱਖ ਕਰੋੜਾਂ ਅਰਬਾਂ ਪ੍ਰਾਣੀਆਂ ਨੂੰ ਜੁਗਾਂ ਜੁਗਾਂ ਤੋਂ ਜਦ ਤੋਂ ਸ੍ਰਿਸ਼ਟੀ ਦੀ ਸਥਾਪਨਾ ਹੋਈ ਹੈ ਵਾਪਰਦਾ ਰਿਹਾ ਹੈ ਰਹੇਗਾ । ਇਹ ਸੁਭਾਵਿਕ ਹੈ ਪ੍ਰਕਿਰਤੀ ਦਾ ਲਛਣ ਹੈ । ਇਸ ਭੌਤਿਕ ਸਰੀਰ ਨੂੰ ਮਨ ਨੂੰ ਇਸ ਤੋਂ ਛੁਟਕਾਰਾ ਨਹੀਂ । ਇਸ ਦਾ ਸਮਾਧਾਨ ਦੁੱਖ ਭੰਜਨ ਪ੍ਰਮਾਤਮਾ ਦਾ ਨਾਮ ਸਿਮਰਨ ਹੈ । ਇਸ ਤੋਂ ਇਲਾਵਾ ਉਸ ਦੀ ਰਜਾ ਵਿੱਚ ਰਹਿਣਾ, ਹੁਕਮ ਨੂੰ ਚਿਤੋਂ ਮਨੋ ਮੰਨਣਾ, ਨਿਮਰਤਾ ਦੀ ਭਾਵਨਾ ਰਖਣ ਨਾਲ ਇਹ ਗਰੰਟੀ ਹੈ, ਵਿਸ਼ਵਾਸ ਤੇ ਦਾਅਵਾ ਹੈ ਕਿ ਜੋ ਪ੍ਰਾਣੀ ਦੁੱਖ ਭੰਜਨ ਦੇ ਨਾਂ ਦਾ ਸਿਮਰਨ ਕਰਦੇ ਹਨ ਉਹਨਾ ਨੂੰ ਕਦੇ ਤਤੀ ਵਾਹ ਨਹੀਂ ਲਗਦੀ ।

**ਸੰਖੇਪ ਵਿੱਚ ਆਉਂਦਿਆਂ ਕਹਿ ਸਕਦੇ ਹਾਂ,**

**ਲੋੜ ਕੇਵਲ ਮਾਤਰ ਇਕਾਗਰ, ਚਿਤ ਹੈ ਕੇ ਓਸ**

**ਪ੍ਰਮਾਤਮਾ ਨੂੰ ਧਿਆਉਣ ਦੀ ਹੈ ।**

**ਧੰਨਵਾਦਿ ਸਾਹਿਤ ਵਿਚੋਂ:- ਸਹਿਜ**

## ਸਿੱਖ ਧਰਮ ਤੇ ਉਸਦੇ ਸਿਧਾਂਤ

**ਡਾ. ਸਰਬਜੋਤ ਕੌਰ**

**ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜੋ :-**

**੧. ਆਪ ਸਤਿ ਕੀਆ ਸਭ ਸਤਿ :**

ਸਿੱਖ ਧਰਮ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਸੈਂਕੜੇ ਸੁਧਾਰਕ, ਪ੍ਰਚਾਰਕ ਤੇ ਆਤਮਵੇਤਾ ਹੋ ਚੁੱਕੇ ਸਨ ਪਰ ਸਾਰੇ ਹੀ ਜੀਵਨ ਦੀ ਖਿਨਭੰਗਰਤਾ ਤੋਂ ਇਤਨੇ ਪ੍ਰਭਾਵਿਤ ਸਨ ਕਿ ਸੰਸਾਰ ਉਹਨਾਂ ਨੂੰ ਤੱਤਹੀਣ ਲਗਦਾ ਸੀ ਤੇ ਉਹ ਇਸ ਤੋਂ ਛੁਟਕਾਰਾ ਪਾਉਣ ਵਿੱਚ ਹੀ ਕੁਸ਼ਲਤਾ ਸਮਝਦੇ ਸਨ ਪਰ ਸਿੱਖ ਧਰਮ ਅਨੁਸਾਰ ਸੰਸਾਰ ਹਰੀ ਦਾ ਰੂਪ ਹੈ ਤੇ ਇਸ ਵਿੱਚ ਹਰੀ ਦਾ ਹੀ ਵਾਸਾ ਹੈ ।

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥** (ਅੰਗ ੪੬੩)

ਪ੍ਰਮਾਤਮਾ ਜਗਤ ਦੇ ਕਣ-ਕਣ ਰੰਮਿਆ ਹੋਇਆ ਹੈ । ਉਸਨੇ ਆਪ ਹੀ ਸੰਸਾਰ ਪੈਦਾ ਕੀਤਾ ਹੈ, ਤੇ ਫਿਰ ਆਪ ਹੀ ਉਸ ਵਿੱਚ ਬੈਠ ਕੇ ਇਸ ਦਾ ਕਾਰਜ ਚਲਾਉਂਦਾ ਹੈ ਤੇ ਫਿਰ ਆਪ ਹੀ ਇਸ ਦੀ ਸਮੁੱਚੀ ਕਾਰਵਾਈ ਨੂੰ ਵਾਚਦਾ ਹੈ -

**ਦਯੁ ਬੈਠਾ ਵੇਖੈ ਆਪ ਜੀਉ ॥** (ਅੰਗ ੭੪)

੨. **ਸੇਵਾ ਤੇ ਕੁਰਬਾਨੀ :**

ਗੁਰੂ ਨਾਨਕ ਦੇਵ ਜੀ ਨੇ ਸਿੱਖੀ ਪ੍ਰੇਮ ਮਾਰਗ ਤੇ ਚਲਣ ਲਈ ਪਹਿਲੀ ਸ਼ਰਤ ਸਿਰ ਤਲੀ ਤੇ ਰੱਖਣ ਦੀ ਰੱਖੀ ਸੀ

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**( ਅੰਗ ੧੪੧੨)**

ਇਸੇ ਲੀਹ ਨੂੰ ਅੱਗੇ ਤੋਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਪਰਤੱਖ ਰੂਪ ਵਿੱਚ ਸੀਸ ਦੀ ਮੰਗ ਕੀਤੀ, ਤੇ ਫਿਰ ਸੀਸ ਭੇਟ ਕਰਨ ਵਾਲਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ 'ਪਿਆਰੇ' ਦਾ ਖਿਤਾਬ ਬਖਸ਼ਿਆ । ਅੰਮ੍ਰਿਤ ਦਾ ਮਹੱਤਵ ਦਰਸਾਉਣ ਵਾਸਤੇ ਆਪ ਵੀ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕਿਆ । ਪਹਿਲਾਂ ਰਹਿਤ ਦ੍ਰਿੜ੍ਹ ਕਰਵਾਈ, ਫਿਰ ਰਹਿਤ ਦ੍ਰਿੜ੍ਹ ਕੀਤੀ । 'ਆਪੇ ਗੁਰ ਚੇਲਾ' ਦਾ ਨਜ਼ਾਰਾ ਸਿੱਖਾਂ ਨੇ ਪਰਤੱਖ ਦੇਖਿਆ । ਅੰਮ੍ਰਿਤ ਦੀ ਰਹਿਤ ਨਾਲ ਸਿੱਖ ਜ਼ਾਤੀ ਅਤੇ ਜਮਾਤੀ ਤੌਰ ਤੇ ਉੱਚਾ ਹੋ ਜਾਂਦਾ ਹੈ । ਅੰਮ੍ਰਿਤ ਦੀ ਰਹਿਤ ਉਸ ਨੂੰ 'ਖਾਲਸਾ' ਪਦ ਤੱਕ ਪਹੁੰਚਾਂਦੀ ਹੈ । ਖਾਲਸਾ ਦਾ ਭਾਵ ਹੈ ਖਾਸ ਵਾਹਿਗੁਰੂ ਜੀ ਕਾ । ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਦਾ ਵਾਰਸ ਬਣ ਜਾਂਦਾ ਹੈ । ਖਾਲਸਾ ਕਿਸੇ ਇੱਕ ਜਾਂ ਦੋ ਵਿਅਕਤੀਆਂ ਦਾ ਨਾਮ ਨਹੀਂ ਸਗੋਂ ਉੱਚ ਆਤਮਿਕ ਅਵਸਥਾ ਹੈ । ਵੇਖਣ ਵਿੱਚ ਉਹ ਆਮ ਮਨੁੱਖਾਂ ਵਾਂਗ ਹੀ ਜਾਪਦਾ ਹੈ, ਪਰ ਉਸ ਦੇ ਆਦਰਸ਼ ਬੜੇ ਨਿਆਰੇ ਹਨ । ਉਹ ਪੂਰਨ ਸੰਸਾਰਿਕ ਜੀਵਨ ਜੀਉਂਦਾ ਹੋਇਆ ਵੀ ਰਸਾਂ-ਕਸਾਂ ਤੋਂ ਨਿਰਲੇਪ ਰਹਿੰਦਾ ਹੈ ।

**ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ ॥੨॥**
**(ਅੰਗ ੧੩੨੪)**

ਉਸ ਦੇ ਇਖਲਾਕ ਦਾ ਅਧਾਰ ਮੁਕਤੀ ਨਾ ਹੋ ਕੇ ਚੰਗੇਰੇ ਜੀਵਨ ਦਾ ਸਿਧਾਂਤ ਹੈ । ਉਸ ਦੀ ਕਰਨੀ ਤੇ ਕਥਨੀ ਵਿੱਚ ਭਿੰਨਤਾ ਨਹੀਂ । 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਦਾ ਸਿਧਾਂਤ ਉਸ ਦੇ ਸਾਹਮਣੇ ਹੁੰਦਾ ਹੈ । ਮੁੱਢਲਾ ਸਿਧਾਂਤ ਨਾਮ ਜਪਣ ਦਾ ਹੈ ਜੋ ਬਾਕੀ ਸਭ ਕੰਮਾਂ ਦਾ ਸਰੋਤ ਹੈ । ਖਾਲਸਾ ਨਾਮ ਜਪ ਕੇ ਗੁਣਾਂ ਨਾਲ ਸਾਂਝ ਪਾਉਂਦਾ ਹੈ । ਕਿਸੇ ਉੱਚ ਆਦਰਸ਼ ਦੀ ਪ੍ਰਾਪਤੀ ਵਾਸਤੇ ਦੁਨਿਆਵੀ ਸੁੱਖ ਤਿਆਗ ਕੇ ਜਾਨ ਤੱਕ ਵਾਰਨ ਲਈ ਤਿਆਰ ਰਹਿੰਦਾ ਹੈ । ਉਹ ਸੰਤ ਵੀ ਹੈ ਤੇ ਸਿਪਾਹੀ ਵੀ । ਉਹ ਜੋਗੀ ਵੀ ਹੈ ਤੇ ਭੋਗੀ ਵੀ।

ਲੋੜਵੰਦਾ, ਦੀਨਾਂ ਦੁਖੀਆਂ ਦੀ ਅਵਾਜ਼ ਸੁਣ ਕੇ ਖਾਲਸਾ ਦੌੜ ਕੇ ਨਿਆਂ ਲਈ ਜੂਝਦਾ ਹੈ । ਉਸ ਇਕੱਲੇ ਦੀ ਅਵਾਜ਼ ਕਰੋੜਾਂ ਉੱਤੇ ਭਾਰੂ ਹੋ ਜਾਂਦੀ ਹੈ । ਕਿਉਂਕਿ ਉਸ ਦਾ ਆਦਰਸ਼ ਆਪਣੀ ਨਹੀਂ, ਵਾਹਿਗੁਰੂ ਜੀ ਕੀ ਫ਼ਤਹਿ ਹੁੰਦਾ ਹੈ । ਉਸ ਦਾ ਨਾਅਰਾ 'ਸਤਿ ਸ੍ਰੀ ਅਕਾਲ' ਹੁੰਦਾ ਹੈ ।

ਉਪਰੋਕਤ ਸਾਰੇ ਵਿਸ਼ਲੇਸ਼ਣ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ

1. ਸਿੱਖ ਇੱਕ ਅਕਾਲ-ਪੁਰਖ ਵਿੱਚ ਯਕੀਨ ਰਖਦਾ ਹੈ ਅਤੇ ਸਾਰੇ ਇਸਤਰੀ ਪੁਰਸ਼ਾਂ ਨੂੰ 'ਇੱਕ' ਸਮਝਦਿਆਂ ਹਰ ਤਰ੍ਹਾਂ ਦੇ ਭੇਦ ਭਾਵ ਤੋਂ ਦੂਰ ਰਹਿੰਦਾ ਹੈ ।

2. ਸਿੱਖ ਸੰਸਾਰ ਨੂੰ ਤਿਆਗਦਾ ਨਹੀਂ ਅਤੇ ਉਸ ਵਾਸਤੇ ਇਹ ਮਨੁੱਖਾ ਦੇਹੀ ਗੋਬਿੰਦ ਪ੍ਰਾਪਤੀ ਦਾ ਵੇਲਾ ਹੈ । ਸੰਸਾਰ ਵਿੱਚ ਕਿਉਂਕਿ ਹਰੀ ਦਾ ਵਾਸਾ ਹੈ ਇਸ ਲਈ ਹਰੀ ਦੀ ਪ੍ਰਾਪਤੀ ਵੀ ਇਸ ਦੁਨੀਆਂ ਵਿੱਚ ਰਹਿੰਦਿਆਂ ਹੀ ਹੋ ਸਕਦੀ ਹੈ; ਤਿਆਗ ਕੇ ਨਹੀਂ ।

3. ਸਿੱਖ ਦਾ ਗੁਰੂ ਸ਼ਬਦ ਹੈ, ਸਰੀਰ ਨਹੀਂ ਕਿਉਂਕਿ ਸਰੀਰ ਬਿਨਸਨਹਾਰ ਹੈ ਪਰ ਸ਼ਬਦ ਜੁਗੋ ਜੁਗ ਅਟੱਲ ਹੈ ।

4. ਸਿੱਖ ਦਸ ਗੁਰੂ ਸਾਹਿਬਨ ਨੂੰ ਇੱਕ ਜੋਤ ਸਮਝਦਾ ਹੈ ।

5. ਸਿੱਖ ਆਪ ਗਵਾਈਐ ਤ ਸਹੁ ਪਾਈਐ'ਵਿੱਚ ਯਕੀਨ ਰਖਦਾ ਹੈ । ਉਸ ਵਾਸਤੇ ਜ਼ਿੰਦਗੀ ਪ੍ਰੇਮ ਦਾ ਮਾਰਗ ਹੈ ਅਤੇ ਪ੍ਰੇਮ ਦੀ ਮੁੱਢਲੀ ਸ਼ਰਤ 'ਕੁਰਬਾਨੀ' ਹੁੰਦੀ ਹੈ । ਸਿੱਖ ਹਮੇਸ਼ਾ ਆਪਾ ਵਾਰਨ ਲਈ ਤਿਆਰ ਰਹਿੰਦਾ ਹੈ । ਦੁਨਿਆਵੀ ਸੁੱਖ ਅਰਾਮ ਤਿਆਗਣਾ ਉਸ ਵਾਸਤੇ ਖੱਬੇ ਹੱਥ ਦਾ ਖੇਲ ਹੈ ।

6. ਸਿੱਖ ਹਮੇਸ਼ਾ ਅਨਿਆਂ ਵਿਰੁੱਧ ਡੱਟ ਕੇ ਖੜਾ ਹੁੰਦਾ ਹੈ, ਪਰ ਜਿੱਤ ਪ੍ਰਾਪਤ ਹੋਣ ਤੇ ਫ਼ਤਹਿ ਗੁਰੂ ਦੀ ਸਮਝਦਾ ਹੈ ।

7. ਸਿੱਖ ਵਾਸਤੇ ਇਹੀ ਜੀਵਨ ਆਤਮਿਕ ਤਰੱਕੀ ਕਰਕੇ 'ਗੁਰਮੁਖ' ਦੀ ਪਦਵੀ ਹਾਸਲ ਕਰਨ ਦਾ ਇਕ ਵਸੀਲਾ ਹੈ ।

**ਧੰਨਵਾਦਿ ਸਾਹਿਤ ਵਿਚੋਂ :-**

**ਗੁਰਮਤਿ ਚੇਤਨਾ ਕੈਂਪ ਮੈਨੂਅਲ**

## ਗਤੀਵਿਧੀਆਂ ਜਨਵਰੀ 2018:-

1. ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੂਰਬ :- ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੂਰਬ :- ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 351 ਸਾਲਾ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਸਮਾਗਮ ਮਿਤੀ 05-01-2018 (ਸ਼ੁੱਕਰਵਾਰ ) ਨੂੰ ਮਨਾਏ ਗਏ। ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪ੍ਰੰਤ ਕੀਰਤਨ ਦੀ ਸੇਵਾ ਭਾਈ ਕਮਲਜੀਤ ਸਿੰਘ ਤੇ ਕਥਾ ਦੀ ਸੇਵਾ ਭਾਈ ਸੰਦੀਪ ਸਿੰਘ ਨੇ ਨਿਭਾਈ ।

ਇਸ ਤੋ ਇਲਾਵਾ ਮਿਤੀ 07-01-2018(ਐਤਵਾਰ) ਨੂੰ ਸ਼ਾਮ 6.00 ਵਜੇ ਤੋਂ 9.00 ਵਜੇ ਤੱਕ ਵਿਸ਼ੇਸ਼ ਸਮਾਗਮ ਹੋਏ ਜਿਸ ਵਿੱਚ ਭਾਈ ਵਰਿੰਦਰ ਸਿੰਘ ਤੇ ਭਾਈ ਜਸਕਰਨ ਸਿੰਘ ਨੇ ਕੀਰਤਨ ਰਾਹੀ ਸੇਵਾ ਨਿਭਾਈ ਅਤੇ ਭਾਈ ਰਮਨਦੀਪ ਸਿੰਘ ਤੇ ਭਾਈ ਹਰਵੀਰ ਸਿੰਘ ਨੇ ਕਥਾ ਰਾਹੀ ਸੇਵਾ ਨਿਭਾਈ ਉਪ੍ਰੰਤ ਅਰਦਾਸ ਹੁਕਮਨਾਮਾ ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

**2. ਨਾਨਕਸ਼ਾਹੀ ਜੰਤਰੀ ਅਨੁਸਾਰ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-**

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-1-2018 ਦਿਨ ਐਤਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ"**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥**"ਦੇ ਵਿਸ਼ੇ ਤੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਰਾਹੀਂ ਸੇਵਾ ਨਿਭਾਈ।ਭਾਈ ਹਰਵੀਰ ਸਿੰਘ ਵਾਇਸ ਪ੍ਰਿੰਸੀਪਲ ਨੇ ਗੁਰਮਤਿ ਵਿਚਾਰਾ ਰਾਹੀ ਸੇਵਾ ਨਿਭਾਈ। ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਫਰਵਰੀ ਮਹੀਨੇ ਦੇ ਸਮਾਗਮ:-

**1. ਨਾਨਕਸ਼ਾਹੀ ਜੰਤਰੀ ਅਨੁਸਾਰ ਫੱਗਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-** ਮਿਤੀ 12-02-2018 ਦਿਨ ਸੋਮਵਾਰ ਨੂੰ ਸ਼ਾਮ 6.00 ਤੋਂ 8.30 ਤੱਕ "**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ**"ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਅਯੋਜਿਤ ਕੀਤਾ ਜਾਵੇਗਾ।ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜਨਵਰੀ 2018 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 77 | 124 | 201 |
| 2 | Eye | 04 | 07 | 11 |
| 3 | Cardiology | 05 | 49 | 54 |
| 4 | Dental | 18 | 48 | 66 |
| 5 | Gynaecology | 10 | 17 | 27 |
| 6 | Homoeopathy | 24 | 361 | 385 |
| 7 | Physiotherapy | 09 | 21 | 30 |
| | Total | 147 | 627 | 774 |
| | Laboratory | 89 | - | 89 |

## ਧੰਨਵਾਦਿ :

### ਜਨਵਰੀ 2018 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. Bibi Harbans Kaur #1443/Sector-34C/Chd 2,000/-
2. Bibi Kulwant Kaur #1660/Sector-34D/Chd 500/-
3. Dr. Daljit Kaur #1549/Sector-34D/Chd 1,200/-
4. S. Tarundeep Singh Sachar #EA-136/ Maya Enclave/New Delhi 20,000/-
5. S. Naunihal Singh/ Mundi Kharar 700/-
6. Bibi Dalbir Kaur/ Mundi Kharar 100/-
7. Bibi Gurdeep Kaur #461/Sec. 44A/Chd 1,000/-
8. S. Harsharnpal Singh Bhatia#461/44A 1,000/-
9. Bibi Harpreet Kaur #461/Sec 44A/Chd 1,000/-
10. S. Rajinder Singh Sarna #107G, Shivalik Vihar Naya Goan, Mohali 2,000/-
11. Bibi. Harleen Kaur Sarna #107G, Shivalik Vihar Naya Goan, Mohali 500/-
12. Bibi Rajleen Kaur #836/Phase II/Mohali 500/-
13. Mr. Vijay Kumar # 111/Ram Darbar/Ph-I 200/-
14. Col. H.S Uppal #306/Sec. 33A/Chd 40,000/-
15. Dr. Saranjit Singh #2817/Phase-7/Mohali 2,000/-
16. S. Sewa Singh #HM 74/Phase-3BI/Mohali 1,000/-
17. S. Narinder Bir Singh #1444/Sec 34C/Chd 2,100/-
18. Bibi Surjit Kaur #1444/Sec 34C/Chd 22,000/-
19. S. Dilbagh Singh/ Satkar Properties Mundi Kharar 500/-
20. S. Amarjit Singh/ Mundi Kharar 100/-
21. S. Harjinder Singh/ Mundi Kharar 100/-
22. S. Rajinder Singh/ Mundi Kharar 700/-
23. S. Jagjit Singh/ Mundi Kharar 100/-
24. S. Surinder Pal Singh #303/Sec. 20A/Chd 300/-
25. Bibi Jasleen Kaur # 1369/Sec. 40B/Chd 300/-
26. Bibi Narinder Kaur #800/Sec. 43A/Chd 600/-
27. S.Sarbjit Singh#49A/Comf. Homes/Kharar 2,600/-
28. Bhai Ranjit Singh/ Gurdwara Sri Guru Singh Sabha/Jirkhpur 200/-
29. Bibi Gurbachan Kaur Cheema#1535/34D 2,000/-
30. All Indian Sikh Federation(Regd.) D-9(G.F.) Green Park Main New Delhi 11,000/-
31. S. Balwinder Singh Sagar #2506/Ph-7 10,000/-
32. Bibi Hardeep Kaur Saluja #53/Sector-70 10,000/-
33. S. Gurinder Singh Sarna #3047/Sec. 38D 2,000/-
34. S. Gurbaksh Singh #143/1/Sec. 45A/Chd 2,000/-
35. Bhai Balwinder Singh Gurd. Sahib/Sec8 1,000/-
36. Bibi Daljit Kaur Oberoi #278/Sec. 33A 5,000/-
37. S. Nirmal Singh #907/Mundi Kharar 1,000/-
38. Col. Ranjit Singh (H.U.F.)#207/Sec. 33A 1,100/-
39. Col. Ranjit Singh #207/Sec. 33A/Chd 2,000/-
40. Bibi Ranjit Kaur #E-3 Greater Kailash Part-I/New Delhi 25,000/-
41. S. M.P. Singh #E-3 Greater Kailash Part-I/New Delhi 50,000/-
42. Bhai Narain Singh Dang & Sons Charitable Trust 104, SANJAY BLDG No. 5/A, Mittal Estate, SAKI NAKA,ANDHERI-(E) MUMBAI 51,013/-
43. Bibi Amarjeet Kaur #2/2A/Jangpura-A/New Delhi 50,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।